# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada


Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 20 ਅਗਸਤ 2025 ਦਿਨ ਬੁੱਧਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਪਸਿੱਧ ਪ੍ਰਕਾਸ਼ਕ ਅਤੇ ਸ਼ਾਇਰ ਸਤੀਸ਼ ਗੁਲਾਟੀ ਨੂੰ ਸਦਮਾ- ਦਾਮਾਦ ਅੰਮ੍ਰਿਤ ਪਾਲ ਦੀ ਅਚਾਨਕ ਮੌਤ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ



ਸਰੀ, 20 ਅਗਸਤ : ਚੇਤਨਾ ਪ੍ਰਕਾਸ਼ਨ ਲੁਧਿਆਣਾ ਅਤੇ ਗੁਲਾਟੀ ਪਬਲਿਸ਼ਰਜ਼ ਸਰੀ ਦੇ ਸੰਚਾਲਕ ਅਤੇ ਪ੍ਰਸਿੱਧ ਪੰਜਾਬੀ ਸ਼ਾਇਰ ਸਤੀਸ਼ ਗੁਲਾਟੀ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਿਆ ਜਦੋਂ ਉਨ੍ਹਾਂ ਦੇ ਦਾਮਾਦ ਅੰਮ੍ਰਿਤ ਪਾਲ ਸਿੰਘ ਖਹਿਰਾ (ਸਪੁੱਤਰ ਸ. ਦਲਜੀਤ ਸਿੰਘ ਖਹਿਰਾ) ਸਦੀਵੀ ਵਿਛੋੜਾ ਦੇ ਗਏ। ਸਤੀਸ਼ ਗੁਲਾਟੀ ਦੀ ਬੇਟੀ ਸ਼ਹਿਨਾਜ਼ ਅਤੇ ਅੰਮ੍ਰਿਤ ਪਾਲ ਸਿੰਘ ਦਾ ਵਿਆਹ ਪਿਛਲੇ ਸਾਲ ਹੀ ਮਾਰਚ ਵਿਚ ਹੋਇਆ ਸੀ।

ਗੁਲਾਟੀ ਪਰਿਵਾਰ ਅਤੇ ਖਹਿਰਾ ਪਰਿਵਾਰ ਲਈ ਇਹ ਦੁੱਖ ਬੇਹੱਦ ਅਸਿਹ ਹੈ। ਇਸ ਦੁੱਖ ਦੀ ਘੜੀ ਵਿਚ ਸਤੀਸ਼ ਗੁਲਾਟੀ ਦੇ ਬਹੁਤ ਸਾਰੇ ਮਿੱਤਰਾਂ ਅਤੇ ਲੇਖਕਾਂ ਵੱਲੋਂ ਦੁੱਖ ਦਾ ਪ੍ਰਗਟਾਵਾ ਕੀਤਾ ਜਾ ਰਿਹਾ ਹੈ ਅਤੇ ਦੋਹਾਂ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕੀਤੀ ਜਾ ਰਹੀ ਹੈ। ਕੈਨੇਡਾ ਵਸਦੇ ਪੰਜਾਬੀ ਸ਼ਾਇਰ ਜਸਵਿੰਦਰ, ਨਾਵਲਕਾਰ ਜਰਨੈਲ ਸਿੰਘ ਸੇਖਾ, ਮੋਹਨ ਗਿੱਲ, ਸੁਰਿੰਦਰਪਾਲ ਕੌਰ ਬਰਾੜ, ਤਰਲੋਚਨ ਸਿੰਘ ਤਰਨ ਤਾਰਨ, ਸੁਖਵਿੰਦਰ ਸਿੰਘ ਚੋਹਲਾ, ਰਾਜਵੰਤ ਚਿਲਾਣਾ, ਪਾਲ ਢਿੱਲੋਂ, ਡਾ. ਅਮਰਜੀਤ ਭੁੱਲਰ, ਹਰਕੀਰਤ ਕੌਰ ਚਾਹਲ, ਅੰਗਰੇਜ਼ ਬਰਾੜ, ਡਾ. ਸਾਧੂ ਸਿੰਘ, ਸੁਰਿੰਦਰ ਚਹਿਲ, ਕੁਲਵਿੰਦਰ (ਯੂ.ਐਸ.ਏ.), ਜਗਜੀਤ ਨੌਸ਼ਹਿਰਵੀ, ਅਜੇ ਤਨਵੀਰ, ਡੀ.ਪੀ. ਅਰਸ਼ੀ, ਰਾਜਿੰਦਰ ਸਿੰਘ ਪੰਧੇਰ ਅਤੇ ਸੁਰਿੰਦਰ ਸੰਘਾ ਨੇ ਵੱਖ ਵੱਖ ਸ਼ੋਕ ਸੁਨੇਹਿਆਂ ਰਾਹੀਂ ਸਤੀਸ਼ ਗੁਲਾਟੀ ਅਤੇ ਦੋਹਾਂ ਪਰਿਵਾਰਾਂ ਨਾਲ ਦਿਲੀ ਹਮਦਰਦੀ ਦਾ ਇਜ਼ਹਾਰ ਕੀਤਾ ਹੈ।

## ਦਸਮੇਸ਼ ਮਿਸ਼ਨ ਸਕੂਲ ਹਰੀ ਨੌਂ ਵਿਖੇ ਸਦਭਾਵਨਾ ਦਿਵਸ ਮਨਾਇਆ ਗਿਆ

### ਸਦਭਾਵਨਾ ਦਾ ਅਰਥ ਹੈ ਭਾਈਚਾਰੇ ਅਤੇ ਏਕਤਾ ਨਾਲ ਰਹਿਣਾ : ਬਲਜੀਤ ਸਿੰਘ

### ਆਖਿਆ! ਸਾਨੂੰ ਕਿਸੇ ਵੀ ਆਧਾਰ 'ਤੇ ਮਨੁੱਖ ਨਾਲ ਕੋਈ ਭੇਦਭਾਵ ਨਹੀਂ ਕਰਨਾ ਚਾਹੀਦਾ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ






ਕੋਟਕਪੂਰਾ, 20 ਅਗਸਤ : ਦਸਮੇਸ਼ ਮਿਸ਼ਨ ਸੀਨੀਅਰ ਸੈਕੰਡਰੀ ਸਕੂਲ ਹਰੀ ਨੌਂ ਵਿਖੇ ਅੱਜ ਸਦਭਾਵਨਾਦਿਵਸ ਮਨਾਇਆ ਗਿਆ। ਜਿਸ ਦਾ ਉਦੇਸ਼ ਵਿਦਿਆਰਥੀਆਂ ਵਿੱਚ ਸਹਿਯੋਗ ਦੀ ਭਾਵਨਾ ਵਿਕਸਿਤ ਕਰਨਾ ਹੈ। ਇਸ ਮੌਕੇ ਐਨ.ਐਸ.ਐਸ. ਪ੍ਰੋਗਰਾਮ ਅਫਸਰ ਸ੍ਰੀਮਤੀ ਸ਼ਮਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਇਹ ਦਿਨ ਸਾਬਕਾ ਪ੍ਰਧਾਨ ਮੰਤਰੀ ਸ਼੍ਰੀ ਰਾਜੀਵ ਗਾਂਧੀ ਜੀ ਦੇ ਜਨਮਦਿਨ ਮੌਕੇ 'ਤੇ ਬੜੀ ਹੀ ਖੁਸ਼ੀ ਨਾਲ ਪੂਰੇ ਭਾਰਤ ਵਿੱਚ ਮਨਾਇਆ ਜਾਂਦਾ ਹੈ। ਉਹਨਾਂ ਦਾ ਵਿਸ਼ਵਾਸ ਸੀ ਕਿ ਜੇਕਰ ਦੇਸ਼ ਦਾ ਹਰ ਨਾਗਰਿਕ ਪਿਆਰ, ਸਹਿਯੋਗ ਅਤੇ ਸਦਭਾਵਨਾ ਨਾਲ ਰਹੇਗਾ ਤਾਂ ਦੇਸ਼ ਬੜੀ ਜਲਦੀ ਹੀ ਵਿਕਾਸ ਦੀਆਂ ਉਚਾਈਆਂ ਤੱਕ ਪਹੁੰਚੇਗਾ। ਇਸ ਉਪਰੰਤ ਵਿਦਿਆਰਥੀਆਂ ਵੱਲੋਂ ਕਵਿਤਾ ਉਚਾਰਨ ਅਤੇ ਭਾਸ਼ਣ ਮੁਕਾਬਲਿਆਂ ਵਿੱਚ ਭਾਗ ਲਿਆ ਗਿਆ। ਇਸ ਮੌਕੇ ਬੋਲਦਿਆਂ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਬਲਜੀਤ ਸਿੰਘ ਨੇ ਦੱਸਿਆ ਕਿ ਸਦਭਾਵਨਾ ਦਾ ਅਰਥ ਹੈ ਭਾਈਚਾਰੇ ਅਤੇ ਏਕਤਾ ਨਾਲ ਰਹਿਣਾ, ਇਹ ਸਾਡੇ ਜੀਵਨ ਦਾ ਆਧਾਰ ਹੈ, ਸਾਨੂੰ ਕਿਸੇ ਵੀ ਆਧਾਰ 'ਤੇ ਕਿਸੇ ਮਨੁੱਖ ਨਾਲ ਕੋਈ ਭੇਦਭਾਵ ਨਹੀਂ ਕਰਨਾ ਚਾਹੀਦਾ, ਸਗੋਂ ਸਾਰਿਆਂ ਨਾਲ ਮਿਲ ਜੁਲ ਕੇ ਰਹਿਣਾ ਚਾਹੀਦਾ ਹੈ। ਜੇਕਰ ਕਿਸੇ ਨੂੰ ਮਦਦ ਦੀ ਲੋੜ ਹੈ ਤਾਂ ਉਸਦੀ ਮਦਦ ਕਰੋ ਤੇ ਉਸਦਾ ਆਸਰਾ ਬਣੋ। ਜੇਕਰ ਕਿਸੇ ਨਾਲ ਨਾ ਇਨਸਾਫੀ ਹੁੰਦੀ ਹੈ ਤਾਂ ਉਸ ਲਈ ਬੋਲੋ। ਨਫਰਤ ਅਤੇ ਈਰਖਾ ਕਮਜ਼ੋਰ ਵਿਅਕਤੀ ਦੀ ਨਿਸ਼ਾਨੀ ਹਨ ਜਦ ਕਿ ਪਿਆਰ ਤੇ ਸਹਿਯੋਗ ਬਹਾਦਰਾਂ ਦੀ ਪਹਿਚਾਣ ਹੈ। ਸਕੂਲ ਦੇ ਡਾਇਰੈਕਟਰ ਪ੍ਰਿੰਸੀਪਲ ਸ੍ਰੀਮਤੀ ਸੁਰਿੰਦਰ ਕੌਰ ਅਤੇ ਪ੍ਰਿੰਸੀਪਲ ਸ੍ਰੀਮਤੀ ਸੋਮਾ ਦੇਵੀ ਵੱਲੋਂ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਸ਼ਲਾਘਾ ਕੀਤੀ ਗਈ।

## ਪਲਾਸਟਿਕ ਮੁਕਤ ਸਮਾਜ ਦੀ ਸਿਰਜਣਾ ਲਈ ਲਾਇਨਜ਼ ਕਲੱਬ ਰਾਇਲ ਨੇ ਵੰਡੇ 'ਥੈਲੇ'

### ਕੱਪੜੇ ਦੇ ਥੈਲੇ ਵੰਡ ਕੇ ਵਾਤਾਵਰਣ ਦੀ ਸੰਭਾਲ ਦਾ ਦਿੱਤਾ ਸੱਦਾ : ਛਾਬੜਾ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 20 ਅਗਸਤ : ਵਾਤਾਵਰਣ ਦੀ ਸ਼ੁੱਧਤਾ ਲਈ ਯਤਨਸ਼ੀਲ ਸੰਸਥਾ ਲਾਇਨਜ ਕਲੱਬ ਕੋਟਕਪੂਰਾ ਰਾਇਲ ਨੇ ਬੂਟੇ ਲਾਉਣ ਅਤੇ ਉਹਨਾ ਦੀ ਸੰਭਾਲ ਯਕੀਨੀ ਬਣਾਉਣ ਤੋਂ ਬਾਅਦ ਪਲਾਸਟਿਕ ਮੁਕਤ ਸਮਾਜ ਦੀ ਸਿਰਜਣਾ ਲਈ ਗੋਦ ਲਏ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਹਰੀਨੌਂ ਦੇ ਬੱਚਿਆਂ ਅਤੇ ਸਟਾਫ ਨੂੰ ਕੱਪੜੇ ਦੇ ਬਣੇ ਥੈਲੇ (ਝੋਲੇ) ਵੰਡੇ ਅਤੇ ਉਹਨਾ ਨੂੰ ਪਲਾਸਟਿਕ ਦੇ ਮਾਰੂ ਪ੍ਰਭਾਵਾਂ ਤੋਂ ਬਚਣ ਸਬੰਧੀ ਜਾਗਰੂਕ ਕੀਤਾ। ਕਲੱਬ ਦੇ ਪ੍ਰਧਾਨ ਮਨਜੀਤ ਸਿੰਘ ਔਲਖ ਦੀ ਅਗਵਾਈ ਵਿੱਚ ਹੋਏ ਥੈਲੇ ਵੰਡ ਸਮਾਗਮ ਬਾਰੇ ਜਾਣਕਾਰੀ ਦਿੰਦਿਆਂ ਪੀ.ਆਰ.ਓ. ਨੰਬਰਦਾਰ ਸੁਖਵਿੰਦਰ ਸਿੰਘ ਪੱਪੂ ਨੇ ਦੱਸਿਆ ਕਿ ਪਲਾਸਟਿਕ ਦੇ ਵਾਤਾਵਰਣ ਨੂੰ ਪਲੀਤ ਕਰਨ ਵਾਲੇ ਪ੍ਰਭਾਵਾਂ ਬਾਰੇ ਜਾਣਕਾਰੀ ਦੇਣ ਲਈ ਇੰਜੀ. ਭੁਪਿੰਦਰ ਸਿੰਘ ਕਮੋਂ ਅਤੇ ਡਾ: ਸੁਨੀਲ ਛਾਬੜਾ ਵੀ ਪੁੱਜੇ ਹੋਏ ਸਨ, ਜਿੰਨਾ ਨੇ ਪਲਾਸਟਿਕ ਦੇ ਲਿਫਾਫਿਆਂ ਅਤੇ ਹੋਰ ਵਸਤੂਆਂ ਨਾਲ ਹੋਣ ਵਾਲੇ ਨੁਕਸਾਨਾ ਤੋਂ ਵਿਸਥਾਰ ਵਿੱਚ ਜਾਣੂ ਕਰਵਾਇਆ। ਮਨਜੀਤ ਸਿੰਘ ਲਵਲੀ, ਨਛੱਤਰ ਸਿੰਘ ਪੁਰਬਾ ਅਤੇ ਬੀਰਇੰਦਰਪਾਲ ਸ਼ਰਮਾ ਨੇ ਦੱਸਿਆ ਕਿ ਜੇਕਰ ਪਲਾਸਟਿਕ ਦੀਆਂ ਬਣੀਆਂ ਵਸਤੂਆਂ ਅਤੇ ਡਿਸਪੋਜਲ ਦੇ ਸਮਾਨ ਨੂੰ ਅਗਨ ਭੇਂਟ ਕੀਤਾ ਜਾਂਦਾ ਹੈ ਤਾਂ ਉਸ ਵਿੱਚੋਂ ਨਿਕਲਣ ਵਾਲੀ ਹਾਨੀਕਾਰਕ ਗੈਸ ਅਨੇਕਾਂ ਭਿਆਨਕ ਬਿਮਾਰੀਆਂ ਨੂੰ ਸੱਦਾ ਦਿੰਦੀ ਹੈ, ਇਸ ਲਈ ਸਾਨੂੰ ਪਲਾਸਟਿਕ ਮੁਕਤ ਸਮਾਜ ਦੀ ਸਿਰਜਣਾ ਕਰਨੀ ਪਵੇਗੀ। ਸਕੂਲ ਦੇ ਮੁੱਖ ਅਧਿਆਪਕ ਦੀਪਕ ਬਾਂਸਲ ਨੇ ਕਲੱਬ ਦੇ ਮੈਂਬਰਾਂ ਨੂੰ ਜੀ ਆਇਆਂ ਆਖਦਿਆਂ ਤੇ ਉਹਨਾਂ ਦਾ ਧੰਨਵਾਦ ਕਰਦਿਆਂ ਕਲੱਬ ਦੇ ਉਪਰਾਲਿਆਂ ਦੀ ਭਰਪੂਰ ਪ੍ਰਸ਼ੰਸਾ ਕੀਤੀ। ਇਸ ਮੌਕੇ ਉਪਰੋਕਤ ਤੋਂ ਇਲਾਵਾ ਗੁਰਟੇਕ ਸਿੰਘ, ਬਹਾਦਰ ਸਿੰਘ, ਨਿਰਭੈ ਸਿੰਘ ਸਿੱਧੂ, ਮੰਗਾ ਸਿੰਘ, ਗੇਜ ਰਾਮ ਭੋਰਾ, ਮਾ. ਕੁਲਦੀਪ ਸਿੰਘ, ਮਨਜੀਤ ਸਿੰਘ, ਗੁਰਪ੍ਰੀਤ ਕੌਰ, ਚਰਨਜੀਤ ਕੌਰ ਆਦਿ ਵੀ ਹਾਜਰ ਸਨ।

## ਬਾਬਾ ਫ਼ਰੀਦ ਆਗਮਨ-ਪੁਰਬ ਦੇ ਮੌਕੇ 'ਤੇ ਕਰਵਾਈ ਜਾਵੇਗੀ ਕੌਮਾਂਤਰੀ ਤਿੰਨ-ਰੋਜ਼ਾ ਆਰਟ ਵਰਕਸ਼ਾਪ ਅਤੇ ਪੇਂਟਿੰਗ ਪ੍ਰਦਰਸ਼ਨੀ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 20 ਅਗਸਤ: ਸੰਤ ਬਾਬਾ ਫ਼ਰੀਦ ਆਰਟ ਸੋਸਾਇਟੀ (ਰਜਿ:) ਫ਼ਰੀਦਕੋਟ ਵੱਲੋਂ ਸੋਸਾਇਟੀ ਦੇ ਪ੍ਰਧਾਨ ਪ੍ਰੀਤ ਭਗਵਾਨ ਸਿੰਘ ਅਤੇ ਬਾਬਾ ਫ਼ਰੀਦ ਵਿਦਿਅਕ ਸੰਸਥਾਵਾਂ ਦੇ ਸੇਵਾਦਾਰ/ਕਾਰਜਕਾਰੀ ਮੈਂਬਰ ਮਹੀਪਇੰਦਰ ਸਿੰਘ ਸੇਖੋਂ ਦੀ ਅਗਵਾਈ ਹੇਠ ਇੱਕ ਜ਼ਰੂਰੀ ਮੀਟਿੰਗ ਬੁਲਾਈ ਗਈ। ਮੀਟਿੰਗ ਦੌਰਾਨ ਸਰਬਸੰਮਤੀ ਨਾਲ ਫੈਸਲਾ ਲਿਆ ਗਿਆ ਕਿ ਡਿਪਟੀ ਕਮਿਸ਼ਨਰ, ਫ਼ਰੀਦਕੋਟ ਮੈਡਮ ਪੂਨਮਦੀਪ ਕੌਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਵਿਰਾਸਤੀ ਬਾਬਾ ਫ਼ਰੀਦ ਆਗਮਨ-ਪੁਰਬ 2025 ਦੇ ਸ਼ੁਭ ਮੌਕੇ 'ਤੇ ਮਿਤੀ 20, 21 ਅਤੇ 22 ਸਤੰਬਰ ਨੂੰ ਸੰਜੀਵਨੀ ਹਾਲ, ਬ੍ਰਜਿੰਦਰਾ ਕਾਲਜ, ਫ਼ਰੀਦਕੋਟ ਵਿਖੇ ਕੌਮਾਂਤਰੀ ਤਿੰਨ-ਰੋਜ਼ਾ ਆਰਟ ਵਰਕਸ਼ਾਪ ਅਤੇ ਪੇਂਟਿੰਗ ਪ੍ਰਦਰਸ਼ਨੀ ਲਾਈ ਜਾਵੇਗੀ। ਇਸ ਕੌਮਾਂਤਰੀ ਤਿੰਨ-ਰੋਜ਼ਾ ਆਰਟ ਵਰਕਸ਼ਾਪ ਅਤੇ ਪੇਂਟਿੰਗ ਪ੍ਰਦਰਸ਼ਨੀ ਵਿੱਚ ਪੂਰੇ ਦੇਸ਼ ਦੇ ਵੱਖ-ਵੱਖ ਰਾਜਾਂ ਤੋਂ ਮਾਹਿਰ ਆਰਟਿਸਟ ਪਹੁੰਚ ਕੇ ਆਪਣੀਆਂ ਕਲਾਵਾਂ ਦਾ ਪ੍ਰਦਰਸ਼ਨ ਕਰਨਗੇ ਅਤੇ ਨੌਜਵਾਨ ਪੀੜ੍ਹੀ ਅਤੇ ਸਕੂਲੀ ਵਿਦਿਆਰਥੀਆਂ ਲਈ ਰੋਲ ਮਾਡਲ ਬਣਦੇ ਹੋਏ ਉਹਨਾਂ ਨੂੰ ਆਰਟ ਪ੍ਰਤੀ ਪ੍ਰੇਰਿਤ ਕਰਨਗੇ। ਉਹਨਾਂ ਅੱਗੇ ਹੋਰ ਵਧੇਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਿਤੀ 22 ਸਤੰਬਰ ਨੂੰ ਸੰਜੀਵਨੀ ਹਾਲ, ਬਰਜਿੰਦਰਾ ਕਾਲਜ ਵਿਖੇ ਹੀ ਵੱਖ-ਵੱਖ ਵੰਡੇ ਗਏ ਉਮਰ ਗਰੁੱਪਾਂ ਅਨੁਸਾਰ ਸਕੂਲੀ ਵਿਦਿਆਰਥੀਆਂ ਦੇ ਵੀ ਪੈਂਟਿੰਗ ਮੁਕਾਬਲੇ ਕਰਵਾਏ ਜਾਣਗੇ। ਪਹਿਲੇ, ਦੂਜੇ, ਤੀਜੇ ਅਤੇ ਕੰਸੋਲੇਸ਼ਨ ਸਥਾਨ ਹਾਸਿਲ ਕਰਨ ਵਾਲੇ ਜੇਤੂ ਵਿਦਿਆਰਥੀਆਂ ਨੂੰ ਨਗਦ ਰਾਸ਼ੀ, ਸਨਮਾਨ ਚਿੰਨ੍ਹ ਅਤੇ ਸਰਟੀਫ਼ਿਕੇਟ ਦੇ ਕੇ ਸਨਮਾਨਿਤ ਕੀਤਾ ਜਾਵੇਗਾ। ਇਸ ਮੌਕੇ ਬਾਬਾ ਫ਼ਰੀਦ ਵਿਦਿਅਕ ਸੰਸਥਾਵਾਂ ਦੇ ਸੇਵਾਦਾਰ/ਕਾਰਜ ਮੈਂਬਰ ਮਹੀਪ ਇੰਦਰ ਸਿੰਘ ਸੇਖੋਂ, ਸੰਤ ਬਾਬਾ ਫ਼ਰੀਦ ਆਰਟ ਸੋਸਾਇਟੀ ਦੇ ਮੁੱਖ ਸਰਪ੍ਰਸਤ ਸੁਖਦੇਵ ਸਿੰਘ ਦੋਸਾਂਝ, ਪ੍ਰਧਾਨ ਪ੍ਰੀਤ ਭਗਵਾਨ ਸਿੰਘ, ਮੀਤ ਪ੍ਰਧਾਨ ਪਰਮਿੰਦਰ ਸਿੰਘ ਟੋਨੀ, ਜਨਰਲ ਸਕੱਤਰ ਡਿਪਟੀ ਸਿੰਘ, ਖਜ਼ਾਨਚੀ ਵੀਰਪਾਲ ਕੌਰ, ਮੀਡੀਆ ਕੋਆਰਡੀਨੇਟਰ ਬਲਜੀਤ ਗਰੇਵਰ, ਸਹਿ-ਖਜ਼ਾਨਚੀ ਸਤਵੀਰ ਕੌਰ, ਸੋਸਾਇਟੀ ਮੈਂਬਰ ਇਕਬਾਲ ਕਲਸੀ, ਹਰਵਿੰਦਰ ਕੌਰ, ਸੰਤੋਸ਼ ਰਾਣੀ, ਰਜਿੰਦਰ ਸਿੰਘ, ਸਤਪਾਲ ਕੌਰ, ਅਨੂ ਬਾਲਾ, ਜਸਪ੍ਰੀਤ ਕੌਰ, ਮਨਤਾਜ ਸਿੰਘ ਆਦਿ ਮੈਂਬਰ ਹਾਜ਼ਰ ਸਨ।

## ਪ੍ਰੀਤਪਾਲ ਹੁੰਦਲ ਚੇਅਰ ਪਰਸਨ ਅਤੇ ਨਵਰੀਤ ਸਿੰਘ ਸਫ਼ੀਪੁਰ ਸਰਪ੍ਰਸਤ ਨਿਯੁਕਤ

ਵਰਲਡ ਪੰਜਾਬੀ ਟਾਈਮਜ਼



ਅੰਮ੍ਰਿਤਸਰ 20 ਅਗਸਤ : ਪੰਜਾਬੀ ਰੰਗਮੰਚ ਨੂੰ ਸਮਰਪਿਤ ਸੰਸਥਾ ਅਨਾਮਿਕਾ ਆਰਟਸ ਐਸੋਸੀਏਸ਼ਨ ਅੰਮ੍ਰਿਤਸਰ ਵੱਲੋਂ ਕਾਰਜਕਾਰਨੀ ਟੀਮ ਵਿੱਚ ਵਾਧਾ ਕਰਦਿਆਂ ਪ੍ਰੀਤਪਾਲ ਹੁੰਦਲ ਨੂੰ ਚੇਅਰ ਪਰਸਨ ਅਤੇ ਨਵਰੀਤ ਸਿੰਘ ਸਫ਼ੀਪੁਰ ਨੂੰ ਸਰਪ੍ਰਸਤ ਨਿਯੁਕਤ ਕੀਤਾ ਹੈ। ਪ੍ਰੀਤਪਾਲ ਹੁੰਦਲ ਲੰਮੇ ਸਮੇਂ ਤੋਂ ਰੰਗਮੰਚ ਨਾਲ ਜੁੜੇ ਹੋਏ ਹਨ। ਉਨ੍ਹਾਂ ਨੇ ਬਹੁਤ ਸਾਰੇ ਨਾਟਕਾਂ ਅਤੇ ਫਿਲਮਾਂ ਵਿਚ ਬਿਹਤਰੀਨ ਅਦਾਕਾਰੀ ਕੀਤੀ ਹੈ ਜਿਨ੍ਹਾਂ ਵਿੱਚ ਸੌਂਕਣ, ਫਾਸਲੇ, Forever Queen ਮਹਾਰਾਣੀ ਜਿੰਦਾਂ, ਇਸ਼ਕ ਹੈ, ਡਿਪਾਰਚਰ ਆਦਿ ਪ੍ਰਮੁੱਖ ਹਨ। ਇਸ ਮੌਕੇ ਸੰਸਥਾ ਦੇ ਪ੍ਰਧਾਨ ਤੇ ਸੰਸਥਾਪਕ ਪ੍ਰੋ. ਈਮੈਨੂਅਲ ਸਿੰਘ ਅਤੇ ਜਨਰਲ ਸਕੱਤਰ ਡਾ. ਆਤਮਾ ਸਿੰਘ ਗਿੱਲ ਤੋਂ ਇਲਾਵਾ ਸੰਸਥਾ ਦੇ ਹੋਰ ਅਹੁਦੇਦਾਰ ਅਤੇ ਮੈਂਬਰ ਹਾਜ਼ਰ ਸਨ।

## ਉਸਤਾਦ ਗ਼ਜ਼ਲਗੋ ਸਿਰੀ ਰਾਮ ਅਰਸ਼ ਨਹੀਂ ਰਹੇ

ਵਰਲਡ ਪੰਜਾਬੀ ਟਾਈਮਜ਼ ਅੰਜੂ ਅਮਨਦੀਪ ਗਰੋਵਰ




ਮੁਹਾਲੀ 20 ਅਗਸ ਤ : ਉਸਤਾਦ ਗ਼ਜ਼ਲਗੋ ਸ਼੍ਰੀ ਸਿਰੀ ਰਾਮ ਅਰਸ਼ ਕੁਝ ਅਰਸਾ ਸਾਹ ਦੀ ਬਿਮਾਰੀ ਕਾਰਨ ਮਿਤੀ 17 ਅਗਸਤ ਨੂੰ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ। ਉਨ੍ਹਾਂ ਦਾ ਸਸਕਾਰ 18 ਅਗਸਤ ਨੂੰ ਭਰਵੀਂ ਹਾਜ਼ਰੀ (ਜਿਸ ਵਿੱਚ ਸਾਬਕਾ ਮੰਤਰੀ ਬਲਬੀਰ ਸਿੰਘ ਸਿੱਧੂ, ਸੁਖਦੇਵ ਸਿੰਘ ਸਿਰਸਾ, ਬਲਕਾਰ ਸਿੱਧੂ, ਗੁਰਨਾਮ ਕੰਵਰ, ਦੀਪਕ ਸ਼ਰਮਾ ਚਨਾਰਥਲ, ਗੁਰਪ੍ਰੀਤ ਸਿੰਘ ਨਿਆਮੀਆਂ, ਧਿਆਨ ਸਿੰਘ ਕਾਹਲੋਂ, ਦੇਵੀ ਦਿਆਲ ਸ਼ਰਮਾ, ਕੇ.ਕੇ. ਸ਼ਰਧਾ, ਭੁਪਿੰਦਰ ਸਿੰਘ ਮਲਿਕ, ਪ੍ਰੇਮ ਵਿੱਜ, ਰਾਜ ਕੁਮਾਰ ਸਾਹੋਵਾਲੀਆ, ਬਾਬੂ ਰਾਮ ਦੀਵਾਨਾ, ਪਿਆਰਾ ਸਿੰਘ ਰਾਹੀ, ਗੁਰਦਰਸ਼ਨ ਸਿੰਘ ਮਾਵੀ, ਸਰਦਾਰਾ ਸਿੰਘ ਚੀਮਾ, ਹਰਮਿੰਦਰ ਸਿੰਘ ਕਾਲੜਾ, ਪਾਲ ਅਜਨਬੀ, ਸੋਹਣ ਸਿੰਘ ਬੈਨੀਪਾਲ, ਹਰਜੀਤ ਸਿੰਘ, ਜੋਗਿੰਦਰ ਸਿੰਘ ਅਤੇ ਇੰਜ. ਸਿਕੰਦਰ ਸਿੰਘ ਆਦਿ ਸ਼ਾਮਲ ਸਨ) ਵਿੱਚ ਸ਼ਮਸ਼ਾਨਘਾਟ ਬਲੌਂਗੀ (ਮੁਹਾਲੀ) ਵਿਖੇ ਕੀਤਾ ਗਿਆ। ਅਰਸ਼ ਦਾ ਜਨਮ ਸ਼੍ਰੀਮਤੀ ਹਰਨਾਮ ਕੌਰ ਜੀ ਦੀ ਕੁੱਖੋਂ ਪਿਤਾ ਠਾਕੁਰ ਦਾਸ ਦੇ ਗ੍ਰਹਿ ਲੁਧਿਆਣਾ ਵਿਖੇ 15 ਦਸੰਬਰ, 1934 ਨੂੰ ਹੋਇਆ। ਉਨ੍ਹਾਂ ਦੀਆਂ ਹੁਣ ਤੱਕ 21 ਪੁਸਤਕਾਂ ਛੱਪ ਚੁੱਕੀਆਂ ਹਨ ਜਿਨ੍ਹਾਂ ਵਿੱਚੋਂ 'ਰਬਾਬ', 'ਪੁਰਸਲਾਤ', 'ਸੰਖ ਤੇ ਸਿਪੀਆਂ', 'ਸਰਘੀਆਂ ਤੇ ਮੁੰਦਰ', 'ਗ਼ਜ਼ਲ ਸਮੁੰਦਰ', 'ਕਿਰਨਾਂ ਦੀ ਬੁੱਕਲ', 'ਸਮੁੰਦਰ', 'ਸੰਜਮ', 'ਹਰਫਾਂ ਦੀ ਸੰਵੇਦਨਾ', 'ਫਰਜ਼ ਤੇ ਇਹਸਾਸ' 10 ਗ਼ਜ਼ਲ ਸੰਗ੍ਰਹਿ ਹਨ। ਅਗੰਮੀ ਨੂਰ, ਪੰਥ ਸਜਾਇਓ ਖਾਲਸਾ, ਅਤੇ ਤੁਮ ਚੰਦਨ ਉਨ੍ਹਾਂ ਦੇ ਮਹਾ ਕਾਵਿ ਹਨ। ਅਗਨਾਰ, ਸਪਰਸ਼, ਤਨ ਤਪਣ ਤੰਦੂਰੀ ਤਿੰਨ ਕਾਵਿ ਸੰਗ੍ਰਹਿ ਹਨ। ਉਨ੍ਹਾਂ ਨੇ ਅਲੋਕਾਰੀ ਸ਼ਕਤੀ ਗੁਰੂ ਰਵਿਦਾਸ 'ਸਗਲ ਭਵਨ' ਦੇ ਨਾਇਕ ਤੇ ਅਦੁੱਤੀ ਆਦਿ ਕਵੀ ਨਾਂ ਦੀਆਂ ਤਿੰਨ ਜੀਵਨੀਆਂ ਲਿਖੀਆਂ ਹਨ। ਸਾਲ 1989 ਵਿੱਚ ਸੰਦਲੀ ਪੌਣ ਨਾਵਲ ਛਪਿਆ। ਉਨ੍ਹਾਂ ਨੇ ਪੰਜਾਬੀ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ ਵਿੱਚ ਬਹੁਤ ਖੂਬਸੂਰਤੀ ਨਾਲ ਲਿਖਿਆ ਹੈ। ਉਨ੍ਹਾਂ ਨੂੰ ਹਿੰਦੀ ਭਾਸ਼ਾ ਵਿੱਚ ਲਿਖੇ ਗਏ ਮਹਾ ਕਾਵਿ 'ਗੁਰੂ ਮਿਲਿਓ ਰਵਿਦਾਸ' ਨੂੰ ਸਾਲ 2006 ਵਿੱਚ ਭਾਰਤ ਸਰਕਾਰ ਵੱਲੋਂ ਇੱਕ ਲੱਖ ਰੁਪਏ ਦਾ ਪਹਿਲਾ ਪੁਰਸਕਾਰ ਮਿਲਿਆ। ਸਾਲ 2021 ਵਿੱਚ ਭਾਸ਼ਾ ਵਿਭਾਗ ਪੰਜਾਬ (ਪੰਜਾਬ ਸਰਕਾਰ) ਵੱਲੋਂ ਸ਼੍ਰੋਮਣੀ ਕਵੀ ਪੁਰਸਕਾਰ ਲਈ ਐਲਾਨਿਆ ਗਿਆ। 20 ਜਨਵਰੀ 2024 ਨੂੰ ਵਿਸ਼ਵ ਪੰਜਾਬੀ ਸਾਹਿਤਕ ਵਿਚਾਰ ਮੰਚ (ਰਜਿ:) ਮੁਹਾਲੀ ਵੱਲੋਂ ਪਹਿਲਾ ਬਾਵਾ ਬਲਵੰਤ ਯਾਦਗਾਰੀ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਮਿਤੀ 27.07.2024 ਨੂੰ ਪੰਜਾਬੀ ਲੇਖਕ ਕਲਾਕਾਰ ਸੁਸਾਇਟੀ, ਲੁਧਿਆਣਾ ਵੱਲੋਂ ਪੰਜਾਬੀ ਸਾਹਿਤ ਅਕਾਦਮੀ ਦੇ ਸਹਿਯੋਗ ਨਾਲ ਨੈਸ਼ਨਲ ਐਵਾਰਡੀ ਡਾ. ਗੁਰਚਰਨ ਕੌਰ ਕੋਚਰ ਦੀ ਅਗਵਾਈ ਹੇਠ ਇੰਜ. ਜੇ.ਬੀ. ਸਿੰਘ ਯਾਦਗਾਰੀ ਐਵਾਰਡ ਨਾਲ ਪੰਜਾਬੀ ਭਵਨ ਲੁਧਿਆਣਾ ਵਿਖੇ ਸਨਮਾਨਿਤ ਕੀਤਾ। ਇਹ ਐਵਾਰਡ ਅਰਸ਼ ਜੀ ਦੀ ਸਿਹਤ ਠੀਕ ਨਾ ਹੋਣ ਕਾਰਨ ਉਨ੍ਹਾਂ ਦੀ ਨੂੰਹ ਅਤੇ ਪੋਤਰੇ ਨੇ ਪ੍ਰਾਪਤ ਕੀਤਾ। ਇਸੇ ਤਰ੍ਹਾਂ ਅਨੇਕਾਂ ਸਨਮਾਨ ਉਨ੍ਹਾਂ ਦੀ ਝੋਲੀ ਵਿੱਚ ਪਏ। ਕਈ ਸਾਲ ਪੰਜਾਬੀ ਲੇਖਕ ਸਭਾ ਚੰਡੀਗੜ੍ਹ ਦੇ ਪ੍ਰਧਾਨ ਰਹੇ। ਚੰਡੀਗੜ੍ਹ ਪੰਜਾਬੀ ਮੰਚ ਦੇ ਚੇਅਰਮੈਨ; ਵਿਸ਼ਵ ਪੰਜਾਬੀ ਸਾਹਿਤਕ ਵਿਚਾਰ ਮੰਚ (ਰਜਿ:) ਮੁਹਾਲੀ ਦੇ ਮੁੱਖ ਸਲਾਹਕਾਰ ਅਤੇ ਕਵੀ ਮੰਚ (ਰਜਿ:) ਮੁਹਾਲੀ ਦੇ ਸਰਪ੍ਰਸਤ ਤੋਂ ਇਲਾਵਾ ਹੋਰ ਵੀ ਕਈ ਸਾਹਿਤਕ, ਸਮਾਜਿਕ ਤੇ ਧਾਰਮਿਕ ਸੰਸਥਾਵਾਂ ਦੀਆਂ ਕਿਸੇ ਨਾ ਕਿਸੇ ਰੂਪ ਵਿੱਚ ਸੇਵਾ ਕਰਦੇ ਰਹੇ। ਅਰਸ਼ ਜੀ ਪੰਜਾਬ ਲੋਕ ਸੰਪਰਕ ਵਿਭਾਗ ਵਿੱਚ ਬਤੌਰ ਜੁਆਇੰਟ ਡਾਇਰੈਕਟਰ ਸ਼ਾਨਦਾਰ ਸੇਵਾਵਾਂ ਨਿਭਾਉਣ ਉਪਰੰਤ ਰਿਟਾਇਰ ਹੋਏ ਸਨ। ਉਨ੍ਹਾਂ ਦਾ ਵਿਛੋੜਾ ਪੰਜਾਬੀ ਭਾਸ਼ਾ ਅਤੇ ਸਾਹਿਤ ਲਈ ਵੱਡਾ ਘਾਟਾ ਹੈ। ਇੰਜ. ਜਸਪਾਲ ਸਿੰਘ ਦੇਸੂਵੀ ਪ੍ਰਧਾਨ, ਵਿਸ਼ਵ ਪੰਜਾਬੀ ਸਾਹਿਤਕ ਵਿਚਾਰ ਮੰਚ (ਰਜਿ:) ਜੋ ਅੱਜ-ਕੱਲ੍ਹ ਕੈਨੇਡਾ ਹਨ ਹੁਰਾਂ ਨੇ ਵਿਸ਼ੇਸ਼ ਤੌਰ ਤੇ ਸ਼ੋਕ ਸੰਦੇਸ਼ ਭੇਜਿਆ ਹੈ। ਅਰਦਾਸ ਹੈ ਈਸ਼ਵਰ ਅਰਸ਼ ਜੀ ਦੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ।

## ਪੈਨਸ਼ਨਰਜ਼ ਵੈਲਫੇਅਰ ਐਸੋਸ਼ੀਏਸ਼ਨ ਨਾਭਾ ਦੀ ਮੰਗਾਂ ਬਾਰੇ ਮੀਟਿੰਗ 14 ਸਤੰਬਰ ਨੂੰ ਹੋਵੇਗੀ

ਵਰਲਡ ਪੰਜਾਬੀ ਟਾਈਮਜ਼



ਨਾਭਾ 20 ਅਗਸਤ : ਪੰਜਾਬ ਪੈਨਸ਼ਨਰਜ਼ ਵੈਲਫੇਅਰ ਐਸੋਸ਼ੀਏਸ਼ਨ ਨਾਭਾ ਦੀ ਮੀਟਿੰਗ ਪ੍ਰਧਾਨ ਸ੍ਰ. ਪਰਮਜੀਤ ਸਿੰਘ ਸੋਢੀ ਦੀ ਅਗਵਾਈ ਵਿੱਚ ਸੀਨੀਅਰ ਸਿਟੀਜਨ ਸੰਸਥਾ ਦੇ ਲਾਇਬਰੇਰੀ ਹਾਲ ਵਿਖੇ ਹੋਈ । ਮੀਟਿੰਗ ਵਿੱਚ ਪੈਨਸ਼ਨਰਾਂ ਦੀਆਂ ਸਮੱਸਿਆਵਾਂ ਸਬੰਧੀ ਵਿਚਾਰ ਵਿਟਾਂਦਰਾ ਕੀਤਾ ਗਿਆ ।ਪੈਨਸ਼ਨਰਾਂ ਦੇ ਬਕਾਏ ਅਤੇ ਲੀਵ ਇਨਕੈਸ਼ਮੈਂਟ ਦੇ ਬਕਾਏ ਸਮੇਂ ਸਿਰ ਨਾ ਦੇਣ ਤੇ ਪੰਜਾਬ ਸਰਕਾਰ ਦੀ ਢਿੱਲੀ ਕਾਰਗੁਜ਼ਾਰੀ ਦੀ ਨਿਖੇਧੀ ਕੀਤੀ ਗਈ । ਮੀਟਿੰਗ ਵਿੱਚ ਪੰਜਾਬ ਸਰਕਾਰ ਤੋਂ ਸਾਰੇ ਬਕਾਏ ਤੁਰੰਤ ਦੇਣ ਦੀ ਪੁਰਜ਼ੋਰ ਮੰਗ ਕੀਤੀ ਗਈ । ਸ੍ਰ. ਪਰਮਜੀਤ ਸਿੰਘ ਸੋਢੀ (ਪ੍ਰਧਾਨ) ਨੇ ਐਸੋਸ਼ੀਏਸ਼ਨ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ ।ਜਨਰਲ ਸਕੱਤਰ ਰਵਿੰਦਰ ਕੁਮਾਰ ਨੇ ਦੱਸਿਆ ਕਿ ਐਸਸ਼ਿਏਸ਼ਨ ਦੀ ਤਿਮਾਹੀ ਮੀਟਿੰਗ 14 ਸਤੰਬਰ 2025 ਨੂੰ ਇਸੇ ਸੰਸਥਾ ਵਿੱਚ ਸਵੇਰੇ 11 ਵਜੇ ਪੈਨਸ਼ਨਰਜ਼ ਦੀਆਂ ਮੰਗਾਂ , ਮੁਸ਼ਕਲਾਂ ਨੂੰ ਵਿਚਾਰਨ ਲਈ ਰੱਖੀ ਗਈ ਹੈ ।ਇਸ ਮੌਕੇ ਸੀਨੀਅਰ ਮੈਂਬਰ ਸ੍ਰੀ ਗੁਰਜਿੰਦਰ ਸਿੰਘ , ਲਛਮਣ ਦਾਸ ਵਰਮਾ , ਮਾਸਟਰ ਅਮਰੀਕ ਸਿੰਘ , ਮੇਜਰ ਸਿੰਘ , ਪੂਰਨ ਚੰਦ , ਸਤੀਸ਼ ਕੁਮਾਰ , ਗੁਰਬਖਸ਼ ਲਾਲ , ਰਾਜ ਕੁਮਾਰ ਅਗਰਵਾਲ ਅਤੇ ਹੋਰ ਬਹੁਤ ਸਾਰੇ ਪੈਨਸ਼ਨਰ ਸ਼ਾਮਿਲ ਸਨ ।

## ਤਾਜ ਪਬਲਿਕ ਸਕੂਲ ਵਿਖੇ ਜ਼ੋਨ ਪੱਧਰੀ ਸਕੂਲੀ ਖੇਡਾਂ ਦਾ ਆਗਾਜ਼

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ/ਸਾਦਿਕ, 20 ਅਗਸਤ : ਤਾਜ ਪਬਲਿਕ ਸਕੂਲ, ਜੰਡ ਸਾਹਿਬ ਵਿਖੇ ਜ਼ੋਨ ਪੱਧਰੀ ਸਕੂਲੀ ਖੇਡਾਂ ਦਾ ਆਗਾਜ਼ ਅੱਜ ਬੜੀ ਹੀ ਧੂਮ-ਧਾਮ ਨਾਲ ਕੀਤਾ ਗਿਆ। ਇਹ ਜ਼ੋਨ ਪੱਧਰੀ ਸਕੂਲੀ ਖੇਡਾਂ ਸਲਾਨਾ ਕਰਵਾਈਆਂ ਜਾਂਦੀਆਂ ਹਨ। ਜਿਸ ਵਿੱਚ ਵੱਖ-ਵੱਖ ਸਕੂਲਾਂ ਦੀਆਂ ਟੀਮਾਂ ਵਧ-ਚੜ੍ਹ ਕੇ ਹਿੱਸਾ ਲੈਂਦੀਆਂ ਹਨ। ਇਸ ਮੌਕੇ ਪਹੁੰਚੀਆਂ ਬਾਕਸਕਿਟ ਬਾਲ ਦੀਆਂ ਟੀਮਾਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸ਼ੇਰਸਿੰਘ ਵਾਲਾ (ਅੰਡਰ-17)ਅਤੇ ਅਕਾਲ ਅਕੈਡਮੀ, ਜੰਡ ਸਾਹਿਬ (ਅੰਡਰ-19) ਦੀਆਂ ਟੀਮਾਂ ਜੇਤੂ ਰਹੀਆਂ। ਫੁੱਟਬਾਲ ਅੰਡਰ-19 ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਮਚਾਕੀ ਨੇ ਪਹਿਲਾ ਸਥਾਨ ਹਾਸਲ ਕੀਤਾ ਅਤੇ ਅੰਡਰ-17 ਵਿੱਚ ਤਾਜ ਪਬਲਿਕ ਸਕੂਲ ਦੀ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਹੋਇਆ ਪਹਿਲਾ ਸਥਾਨ ਹਾਸਲ ਕੀਤਾ। ਇਸ ਸਮੇਂ ਸਕੂਲ ਦੇ ਪ੍ਰਿੰਸੀਪਲ ਡਾ. ਰਜਿੰਦਰ ਕਸ਼ਯਪ ਨੇ ਕਿਹਾ ਕਿ ਹੁਣ ਬੱਚੇ ਜ਼ਿਲ੍ਹਾ ਪੱਧਰੀ ਖੇਡਾਂ ਵਿੱਚ ਵਧੀਆ ਪ੍ਰਦਰਸ਼ਨ ਕਰਕੇ ਸਕੂਲ ਤੇ ਆਪਣੇ ਮਾਪਿਆਂ ਦਾ ਨਾਂਅ ਰੌਸ਼ਨ ਕਰਦੇ ਹਨ। ਇਸ ਮੌਕੇ ਸਕੂਲ ਦੀ ਮੈਨੇਜਮੈਂਟ ਨੇ ਬੱਚਿਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਬੱਚਿਆਂ ਦੇ ਚੰਗੇ ਕੀਤੇ ਖੇਡ ਪ੍ਰਦਰਸ਼ਨ 'ਤੇ ਵਧਾਈਆਂ ਦਿੱਤੀਆਂ। ਉਨ੍ਹਾਂ ਕਿਹਾ ਕਿ ਸਾਡੇ ਸਕੂਲ ਦੇ ਬੱਚੇ ਅੱਗੇ ਵੀ ਇਸੇ ਤਰਾਂ ਸਕੂਲ ਤੇ ਮਾਪਿਆਂ ਦਾ ਨਾਂ ਰੌਸ਼ਨ ਕਰਦੇ ਰਹਿਣਗੇ, ਕਿਉਂਕਿ ਜਿੱਥੇ ਚੰਗਾ ਜੀਵਨ ਜਿਉਣ ਲਈ ਪੜ੍ਹਾਈ ਬਹੁਤ ਜ਼ਰੂਰੀ ਹੈ ਉੱਥੇ ਸਰੀਰ ਨੂੰ ਤੰਦਰੁਸਤ ਰੱਖਣ ਲਈ ਖੇਡਾਂ ਵੀ ਅਤਿ ਜ਼ਰੂਰੀ ਹਨ। ਇਸ ਕਰਕੇ ਅਸੀਂ ਆਪਣੇ ਬੱਚਿਆਂ ਦਾ ਸਰੀਰਕ ਤੇ ਮਾਨਸਿਕ ਦੋਨਾਂ ਨੂੰ ਤੰਦਰੁਸਤ ਰੱਖਣ ਵਾਸਤੇ ਹਰ ਪ੍ਰਕਾਰ ਦੇ ਯਤਨ ਕਰਦੇ ਰਹਾਂਗੇ। ਜੇਤੂ ਖਿਡਾਰੀਆਂ ਨੂੰ ਮੈਡਲ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਇਸ ਸਮੇਂ ਚੇਅਰਮੈਨ ਹਰਪ੍ਰੀਤ ਸਿੰਘ ਸੰਧੂ, ਜਗਮੀਤ ਸਿੰਘ ਸੰਧੂ, ਪ੍ਰਿੰਸੀਪਲ ਡਾ. ਰਜਿੰਦਰ ਕਸ਼ਯਪ, ਚੇਅਰਪਰਨ ਮੈਡਮ ਰਮਨਦੀਪ ਕੌਰ ਸੰਧੂ, ਮੈਡਮ ਸ਼ਮਨਪ੍ਰੀਤ ਕੌਰ ਸੰਧੂ, ਫੁੱਟਬਾਲ ਕੋਚ ਰਾਕੇਸ਼ ਸ਼ਰਮਾ, ਫੁੱਟਬਾਲ ਕੋਚ ਕਰਨਵੀਰ ਸਿੰਘ, ਕ੍ਰਿਕਟ ਕੋਚ ਪ੍ਰਦੀਪ ਟੰਡਨ, ਅਥਲੈਟਿਕਸ ਕੋਚ ਪ੍ਰਗਟ ਸਿੰਘ ਅਤੇ ਸਮੂਹ ਸਟਾਫ ਹਾਜ਼ਰ ਸਨ।

## ਵਾਸਤੂ ਸ਼ਾਸਤਰ ਇਕ ਅੰਧ-ਵਿਸ਼ਵਾਸ ਹੈ ਜਿਸਦੇ ਮਕੜਜਾਲ ਵਿੱਚ ਜ਼ਿਆਦਾ ਪੜ੍ਹੇ ਲਿਖੇ ਲੋਕ–ਤਰਕਸ਼ੀਲ

ਵਰਲਡ ਪੰਜਾਬੀ ਟਾਈਮਜ਼
ਮਾਸਟਰ ਪਰਮ ਵੇਦ

ਵਾਸਤੂਸ਼ਾਸਤਰ ਪੁਰਾਤਨ ਭਾਰਤੀ ਗਿਆਨ ਦੀ ਉਹ ਸ਼ਾਖਾ ਹੈ ਜੋ ਇਹ ਦੱਸਦੀ ਹੈ ਕਿ ਇਮਾਰਤਾਂ ਦੀ ਉਸਾਰੀ ਕਿਹੜੇ ਨਿਯਮਾਂ ਨੂੰ ਧਿਆਨ ਵਿੱਚ ਰੱਖ ਕੇ ਕੀਤੀ ਜਾਂਦੀ ਹੈ।ਹਰ ਨਿਯਮ ਦੇ ਨਾਲ ਕੋਈ ਨਾ ਕੋਈ ਅੰਧਵਿਸ਼ਵਾਸ ਜੋੜਿਆ ਗਿਆ ਹੈ।ਘਰ ਦੇ ਦਰਵਾਜ਼ੇ,ਸੌਣ ਵਾਲੇ ਕਮਰੇ,ਰਸੋਈ,ਬਾਥਰੂਮ, ਪਖਾਨੇ ਅਲਮਾਰੀਆਂ ਆਦਿ ਕਿਹੜੀ ਦਿਸ਼ਾ ਵਿੱਚ ਹੋਣ।ਅਜਿਹੇ ਨਿਯਮਾਂ ਦੀ ਪਾਲਣਾ ਨਾ ਕਰਨ ਤੇ ਘਰ ਵਿੱਚ ਕਲੇਸ਼,ਪੈਸੇ ਧੇਲੇ ਦੀ ਕਮੀ,ਬਿਮਾਰੀ ਆਦਿ ਦੇ ਅੰਧ-ਵਿਸ਼ਵਾਸ ਜੋੜੇ ਗਏ ਹਨ।ਵਾਸਤੂ ਦਾ ਭਾਵ ਵਾਸ ਹੁੰਦਾ ਹੈ ਜਿਸ ਦਾ ਅਰਥ ਹੈ ਰਿਹਾਇਸ਼।ਵਾਸਤੂ ਪ੍ਰਚੀਨ ਭਾਰਤੀਆਂ ਦੀ ਇਮਾਰਤਸ਼ਾਜੀ ਕਲਾ ਦਾ ਨਾਂ ਹੈ।ਸਾਡੇ ਪੁਰਖਿਆਂ ਨੇ ਆਪਣੇ ਦਿਮਾਗਾਂ ਦੀ ਵਰਤੋਂ ਕਰਦਿਆਂ ਮੰਦਰ ਦੇ ਗੁਬੰਦ,ਮੀਨਾਰ,ਸ਼ਾਹੀ ਮਹਿਲ, ਕਿਲੇ, ਹਵੇਲੀਆਂ ਅਦਭੁੱਤ ਢੰਗ ਨਾਲ ਬਣਾਏ ਹਨ ਤੇ ਮੀਨਾਕਾਰੀ ਵੀ ਕਮਾਲ ਦੀ ਕੀਤੀ ਹੈ।ਅੱਜ ਨਾ ਸਿਰਫ ਅਨਪੜ੍ਹ ਲੋਕ ਸਗੋਂ ਜ਼ਿਆਦਾ ਪੜ੍ਹੇ ਲਿਖੇ ਤੇ ਅਮੀਰ ਲੋਕ ਵਾਸਤੂ ਸ਼ਾਸਤਰ ਦੇ ਅੰਧਵਿਸ਼ਵਾਸ ਦੇ ਜਾਲ ਵਿੱਚ ਫਸੇ ਹੋਏ ਹਨ।ਵਾਸਤੂ ਸ਼ਾਸਤਰ ਉਪਰ ਅਨੇਕਾਂ ਕਿਤਾਬਾਂ ਤੇ ਲੇਖ ਲਿਖੇ ਜਾ ਚੁੱਕੇ ਹਨ, ਹਜ਼ਾਰਾਂ ਹੀ ਵੈਬਸਾਈਟਾਂ ਉਪਲਬਧ ਹਨ।ਕਈ ਵਹਿਮੀ ਲੋਕ ਅਜਿਹੇ ਵੀ ਹਨ ਜਿਹੜੇ ਆਪਣੇ ਘਰ ਦਾ ਢਾਂਚਾ ਬਦਲਣ ਵਿੱਚ ਏਨਾ ਖਰਚ ਕਰ ਦਿੰਦੇ ਹਨ ਕਿ ਉਸ ਪੈਸੇ ਵਿੱਚ ਇਕ ਨਵਾਂ ਮਕਾਨ ਬਣ ਸਕਦਾ ਹੈ।ਵੇਖਿਆ ਜਾਵੇ ਦੁੱਖ, ਸੁੱਖ, ਨਫਾ, ਨੁਕਸਾਨ ਵਗੈਰਾ ਜ਼ਿੰਦਗੀ ਦਾ ਹਿੱਸਾ ਹਨ।ਮਕਾਨ ਦੇ ਕੰਧਾਂ ਕੌਲ਼ੇ ਢਾਹੁਣ ਨਾਲ ਕਿਸਮਤ ਨਹੀ ਬਦਲਦੀ।ਵਾਸਤੂ ਸ਼ਾਸਤਰ ਜੇ ਹਰ ਮਰਜ਼ ਦੀ ਦਵਾਈ ਹੁੰਦਾ ਤਾਂ ਸੰਸਾਰ ਵਿੱਚ ਨਾ ਕੋਈ ਬਿਮਾਰ ਹੁੰਦਾ, ਨਾ ਕੋਈ ਮਰਦਾ।ਨਵਾਂ ਘਰ ਬਣਾਉਣ ਤੋਂ ਪਹਿਲਾਂ ਆਰਕੀਟੈਕਟ ਦੀ ਸਲਾਹ ਲੈਣੀ ਚੰਗੀ ਹੈ।ਪਰ ਘਰ ਨੂੰ ਵਾਸਤੂ ਸ਼ਾਸਤਰ ਦੇ ਹਿਸਾਬ ਨਾਲ ਤੜਵਾਉਣਾ ਅਕਲਮੰਦੀ ਨਹੀਂ ।ਵਾਸਤੂ ਸ਼ਾਸਤਰ ਵਿੱਚ ਦਰਜ਼ ਹੈ ਕਿ ਜੇ ਘਰ ਅੱਗੇ ਖੰਭਾ ਹੈ ਤਾਂ ਮਾਲਕ ਮਾੜੀ ਨੀਅਤ ਦਾ ਹੈ।ਖੰਭਾ ਰਾਹ ਵਿੱਚ ਰੁਕਾਵਟ ਤਾਂ ਹੋ ਸਕਦਾ ਪਰ ਮਾਲਕ ਨਾਲ ਕੀ ਸਬੰਧ ? ਜੇ ਘਰ ਟੀ ਪੁਆਇੰਟ ਤੇ ਹੈ ਤਾਂ ਘਰ ਦੇ ਮਾਲਕ ਦੀਆਂ ਦੋ ਪਤਨੀਆਂ ਹੋਣਗੀਆਂ।ਇਹੋ ਜਿਹੀਆਂ ਕਈ ਬੇਤੁਕੀਆਂ ਗੱਲਾਂ ਵਾਸਤੂ ਸ਼ਾਸਤਰ ਵਿੱਚ ਦਰਜ਼ ਹਨ ਜੋ ਤਰਕ ਦੀ ਕਸੌਟੀ ਤੇ ਸਹੀ ਨਹੀਂ ਉਤਰਦੀਆਂ।ਫਰਜ਼ ਕਰੋ ਜੇ ਕਿਸੇ ਦਾ ਬੱਚਾ ਪੜ੍ਹਾਈ ਵਿੱਚ ਕਮਜ਼ੋਰ ਹੋਵੇ ਤੇ ਕੀ ਵਾਸਤੂ ਸ਼ਾਸਤਰ ਅਧੀਨ ਬਣਿਆ ਕਮਰਾ ਉਸ ਨੂੰ ਪਾਸ ਕਰਾ ਦੇਵੇਗਾ। ਜੇ ਔਰਤ ਤੇ ਮਰਦ ਦੀ ਆਪਸ ਵਿਚ ਨਾ ਬਣਦੀ ਹੋਵੇ ਤਾਂ ਵਾਸਤੂ ਸ਼ਾਸਤਰ ਅਨੁਸਾਰ ਬਣਿਆ ਕਮਰਾ ਉਨਾਂ ਦੀ ਸਹਿਮਤੀ ਕਰਾ ਦੇਵੇਗਾ।ਕਈ ਥਾਂ ਆਪਾ ਵਿਰੋਧੀ ਗੱਲਾਂ ਵੀ ਹਨ।ਵਾਸਤੂ ਸ਼ਾਸਤਰ ਦੇ ਮਾਹਿਰ ਕਹਿੰਦੇ ਹਨ ਕਿ ਭਾਰਤ ਦੇ ਮੰਦੇ ਹਾਲ ਦਾ ਕਾਰਣ ਇਸ ਦੇ ਉਤਰ ਵਿੱਚ ਹਿਮਾਲਾ ਪਰਬਤ ਹੈ ਜਿਸ ਕਰਕੇ ਬੇਰੁਜ਼ਗਾਰੀ, ਗਰੀਬੀ, ਭੁਖਮਰੀ,ਕੰਗਾਲੀ, ਰਿਸ਼ਵਤ ਲਈ ਹਿਮਾਲਾ ਪਰਬਤ ਦੋਸ਼ੀ ਹੈ।ਇਨਾਂ ਨੂੰ ਪੁੱਛਿਆ ਜਾਵੇ ਜਦੋਂ ਭਾਰਤ ਸੋਨੇ ਦੀ ਚਿੜੀ ਸੀ ਉਦੋਂ ਹਿਮਾਲਾ ਪਰਬਤ ਕਿਥੇ ਸੀ।

ਸੰਸਦ ਭਵਨ ਵੀ ਵਾਸਤੂ ਸ਼ਾਸਤਰ ਅਨੁਸਾਰ ਬਣਾਇਆ ਗਿਆ ਹੈ।ਕੀ ਭਾਰਤ ਵਿੱਚੋਂ ਗਰੀਬੀ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਖ਼ਤਮ ਹੋ ਗਿਆ ਹੈ? ਮੁਸ਼ਕਿਲਾਂ ਤਾਂ ਸਾਨੂੰ ਸੰਸਦ ਵਿੱਚ ਬੈਠੇ ਮੈਬਰਾਂ ਤੋਂ ਹਨ ਜੋ ਸਾਡੀਆਂ ਮੁਸ਼ਕਿਲਾਂ ਦਾ ਹੱਲ ਨਹੀਂ ਕਰਦੇ। 1979 ਵਿੱਚ ਵਾਸਤੂ ਸ਼ਾਸਤਰ ਦੇ ਮਾਹਰ ਇਕ ਐਮ ਪੀ ਨੇ ਬਹੁ ਮੰਜ਼ਲੀ ਇਮਾਰਤ ਵਾਸਤੂ ਸ਼ਾਸਤਰਾਂ ਦੇ ਨਿਯਮਾਂ ਅਨੁਸਾਰ ਬਣਾਈ ਜਿਹੜੀ ਦੋ ਸਾਲਾਂ ਦੇ ਵਿੱਚ ਡਿੱਗ ਪਈ।ਅਸਲ ਵਿੱਚ ਦਿਸ਼ਾਵਾਂ ਮਾੜੀਆਂ ਨਹੀਂ ਹੁੰਦੀਆਂ,ਸਗੋਂ ਮਾੜੀਆਂ ਤਾਂ ਸਰਕਾਰਾਂ ਹੁੰਦੀਆਂ ਹਨ ਜਿਹੜੀਆਂ ਲੋਕਾਂ ਨੂੰ ਅੰਧਵਿਸ਼ਵਾਸ ਦੇ ਜਾਲ ਵਿੱਚ ਪਾਉਣ ਲਈ ਟੀ ਵੀ ਚੈਨਲਾਂ ਤੇ ਪ੍ਰਿੰਟ ਮੀਡੀਆ ਨੂੰ ਉਤਸ਼ਾਹਿਤ ਤੇ ਮਦਦ ਕਰਦੀਆਂ ਹਨ।ਦੇਸ਼ ਦੇ ਬਹੁਤ ਸਾਰੇ ਨੇਤਾ ਜਦੋਂ ਨਵੇਂ ਗ੍ਰਹਿ ਜਾਂ ਦਫਤਰ ਵਿੱਚ ਪ੍ਰਵੇਸ਼ ਕਰਦੇ ਹਨ ਤਾਂ ਉਸ ਵੇਲੇ ਜੋਤਸ਼ੀਆਂ ਤੇ ਵਸਤੂ ਮਾਹਿਰਾਂ ਦੀਆਂ ਸਲਾਹਾਂ ਲੈ ਕੇ ਇਮਾਰਤਾਂ ਦੀ ਤੋੜ ਭੰਨ ਕਰਵਾਉਂਦੇ ਹਨ। ਇਹ ਗਲ ਤਾਂ ਅਸੀਂ ਸਾਰੇ ਜਾਣਦੇ ਹਾਂ ਕਿ ਮਕਾਨ ਵਿੱਚ ਹਵਾ ਤੇ ਧੁੱਪ ਆਉਣੀ ਚਾਹੀਦੀ ਹੈ। ਖਾਸ ਕਰਕੇ ਰਸੋਈ ਉਥੇ ਬਣਾਈ ਜਾਂਦੀ ਹੈ, ਜਿੱਥੇ ਢੁਕਵੀਂ ਧੁੱਪ ਆ ਸਕੀ ਤਾਂ ਜੋ ਇਹ ਜਰਮ ਰਹਿਤ ਰਹੇ।ਸ਼ੁਭ ਅਸ਼ੁੱਭ ਵਾਲੀ ਕੋਈ ਗੱਲ ਨਹੀਂ। ਮੇਰੇ ਇੱਕ ਸ਼ਾਗਿਰਦ ਨੇ ਅਜਿਹਾ ਪਲਾਟ ਲਿਆ ਜੋ ਚੋਰਸ ਨਹੀਂ ਸੀ ਭਾਵ ਗੁਣੀਏ ਵਿੱਚ ਨਹੀਂ ਸੀ,ਪਲਾਟ ਬਹੁਤ ਸਸਤਾ ਮਿਲ ਗਿਆ ਕਿਉਂਕਿ ਹਰ ਕੋਈ ਉਸ ਦਾ ਖ਼ਰੀਦ ਦਾਰ ਨਹੀਂ ਸੀ।ਗੁਣੀਏ ਵਿਚ ਨਾ ਹੋਣ ਕਾਰਨ ਇਸ ਨੂੰ ਅਸ਼ੁਭ ਮੰਨਦੇ ਸਨ।ਮਕਾਨ ਬਣਾਉਣ ਤੋਂ ਬਾਅਦ ਉਸ ਨੇ ਮੇਰਾ ਧੰਨਵਾਦ ਕਰਦਿਆਂ ਦੱਸਿਆ ਕਿ ਕਿ ਮੈਂ ਅਜਿਹਾ ਪਲਾਟ ਲਿਆ ਜਿਸਨੂੰ ਲੋਕ ਅਸ਼ੁੱਭ ਮੰਨਦੇ ਸਨ ਪਰ ਮੇਰੇ ਤੇ ਤੁਹਾਡੀ ਸਿਖਿਆ ਦਾ ਡੂੰਘਾ ਪ੍ਰਭਾਵ ਸੀ ਤੇ ਮੈਂ ਉਹ ਪਲਾਟ ਸਸਤਾ ਮਿਲਣ ਕਰਕੇ ਖ਼ਰੀਦ ਲਿਆ ਤੇ ਆਰਕੀਟੈਕਟ ਨੇ ਪਲਾਟ ਦੀ ਕਾਣ ਨੂੰ ਬਹੁਤ ਸਿਆਣਪ ਨਾਲ ਵਰਤੋ ਵਿੱਚ ਲਿਆ ਕੇ ਆਮ ਬੰਦੇ ਦੀ ਨਿਗਾਹ ਤੋਂ ਦੂਰ ਕਰ ਦਿੱਤਾ। ਸਾਰੇ ਆਂਢੀ ਗੁਆਂਢੀ ਤੇ ਰਿਸ਼ਤੇਦਾਰ ਮੇਰੀ ਸ਼ਲਾਘਾ ਕਰਦੇ ਹਨ। ਭਾਵ ਸ਼ੁਭ ਅਸ਼ੁੱਭ ਕੁੱਝ ਨਹੀਂ ਹੁੰਦਾ।ਬਹੁਤ ਸਾਰੇ ਲੀਡਰ ਪਾਖੰਡੀ ਸਾਧਾਂ ਸੰਤਾਂ ਤਾਂਤਰਿਕਾਂ ਜੋਤਸ਼ੀਆਂ ਦੇ ਅੱਡਿਆਂ ਤੇ ਜਾ ਕੇ ਆਮ ਜਨਤਾ ਨੂੰ ਵੀ ਵਹਿਮਾਂ ਭਰਮਾਂ ਦੀ ਦਲਦਲ ਵਿੱਚ ਫਸਾ ਰਹੇ ਹਨ, ਪਿਆਰੇ ਤੇ ਸਤਿਕਾਰਤ ਲੋਕੋ ਸਮਝਦਾਰੀ ਤੋਂ ਕੰਮ ਲਵੋ ਵਿਗਿਆਨਕ ਸੋਚ ਅਪਣਾਉ ਤੇ ਅਜਿਹੇ ਵਾਸਤੂ ਸ਼ਾਸਤਰਾਂ ਦੇ ਚੱਕਰਾਂ ਵਿੱਚ ਨਾ ਪਵੋ ,ਸਗੋਂ ਲੋਕਾਂ ਨੂੰ ਜਾਗਰੂਕ ਕਰੋ । ਵਿਗਿਆਨਕ ਸੋਚ ਹੀ ਸਮੇਂ ਦੀ ਮੁੱਖ ਲੋੜ ਹੈ,ਇਹ ਹੀ ਸਾਨੂੰ ਕਈ ਸਮੱਸਿਆਵਾਂ ਤੇ ਬੀਮਾਰੀਆਂ ਤੋਂ ਬਚਾ ਸਕਦੀ ਹੈ ਤੇ ਸਾਨੂੰ ਕਾਫੀ ਲਾਭ ਪਹੁੰਚਾ ਸਕਦੀ ਹੈ।

## ਪਹਾੜੀ ਤਿੱਤਰ*

ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ



ਪਹਾੜੀ ਤਿੱਤਰ ਉਹ ਆਪਣੇ ਆਪ ਵਿੱਚ ਤ੍ਰਿਪਤ ਖੇੜੇ ਨਾਲ ਭਰੀ ਆਈ। ਝਿਪਦੀ ਝਿਪਦੀ ਆਪਣੀ ਪ੍ਰਭਾਤ ਦੀ ਰੋਸ਼ਨੀ ਜਹੀ ਪੁਸ਼ਾਕ ਵਿਚ ਭਰੇ ਹੋਏ ਮੋਤੀਆਂ ਦੇ ਖਜ਼ਾਨੇ ਸਮੇਤ। ਲਹੂ ਲਿੱਬੜੀ ਆ ਕੋਰਾ ਵਾਲੀਆਂ ਅੱਖਾਂ ਤੇ ਲਾਲ ਚੁੰਝ ਆਪਣੇ ਹਲਕੇ ਜਹੇ ਘੁੰਮਣ ਵਾਲੇ ਸਿਰ ਨਾਲ ਉਸ ਨੇ ਉਡਾਣ ਭਰੀ। ਕਿਸੇ ਜੁਝਾਰੂ ਦੇ ਕਮਰਕੱਸੇ ਵਿਚ ਲਮਕਦੀ ਕਿਰਪਾਨ ਜਹੇ ਉਸ ਦੇ ਸੁਨਿਹਰੀ ਖੰਭ।
ਉਹ ਬੋਲੀ ਮੈਨੂੰ ਘੁੰਮਣਾ ਚੰਗਾ ਲੱਗਦਾ ਹੈ ਕੀਮਤੀ ਪੱਥਰਾਂ ਦੀ ਭਾਲ ਵਿੱਚ ਉਹ ਮੇਰੇ ਦਿਲ ਵਿੱਚ ਇਸ਼ਕ ਦੀ ਅੱਗ ਪੈਦਾ ਕਰਦੇ ਹਨ। ਇਹ ਮੈਨੂੰ ਸੰਤੁਸ਼ਟ ਕਰਦੀ ਹੈ। ਜਦੋਂ ਮੈਂ ਤੜਪ ਰਹੀ ਹੁੰਦੀ ਹਾਂ ਇਹਨਾਂ ਬਿਲਰਾਂ ਦੇ ਇਸ਼ਕ ਵਿੱਚ ਤਾਂ ਮੈਂ ਇਹਨਾਂ ਲਹੂ ਰੰਗਿਆਂ ਨੂੰ ਨਿਗਲ ਵੀ ਲੈਂਦੀ ਹਾਂ।
ਮੈਂ ਆਪਣੇ ਆਪ ਨੂੰ ਇਹਨਾਂ ਪੱਥਰਾਂ ਤੇ ਅੱਗ ਦੇ ਵਿਚਕਾਰ ਪਾਉਂਦੀ ਹਾਂ। ਦੇਖੋ ਮੈਂ ਕਿਵੇ ਜਿਉਦੀ ਹਾਂ ਕੀ ਸੌਖਾ ਹੈ। ਜਗਾਉਣਾ ਕਿਸੇ ਅਜਿਹੇ ਨੂੰ ਜੋ ਪੱਥਰਾਂ ਤੇ ਸੌਂਦਾ ਹੈ ਤੇ ਪੱਥਰ ਹੀ ਖਾਂਦਾ ਹੈ।
ਹੇ ਤਿੱਤਰ ਤੂੰ ਜਿਸ ਕੋਲ ਹੀਰੇ ਮੋਤੀਆਂ ਦੇ ਸਾਰੇ ਰੰਗ ਹਨ। ਕਦ ਤੱਕ ਲੰਗੜਾਏਗਾ ਤੇ ਲੰਗੜੇ ਬਹਾਨੇ ਦਿੰਦਾ ਰਹੇਗਾ।
ਤੇਰੇ ਹਿਰਦੇ ਦੇ ਲਹੂ ਦੇ ਦਾਗ ਪੈ ਗਏ ਹਨ। ਤੇਰੇ ਪੰਜਿਆਂ ਅਤੇ ਚੁੰਝ ਉਤੇ ਤੇਰੀ ਖੋਜ ਤੈਨੂੰ ਨਿਘਾਰ ਵੱਲ ਲਿਜਾ ਰਹੀ ਹੈ।
ਕੀ ਨੇ ਹੀਰੇ ਮੋਤੂ ਬਸ ਕੁਝ ਰੰਗੀਨ ਪੱਥਰ ਇਹਨਾਂ ਨੇ ਤੈਨੂੰ ਪੱਥਰ ਦਿਲ ਬਣਾ ਦਿੱਤਾ ਹੈ
ਕੋਈ ਵੀ ਪੱਥਰ ਸੁਲੇਮਾਨ ਦੀ ਮੁੰਦਰੀ ਵਿੱਚ ਜੜੇ ਪੱਥਰ ਜਿੰਨਾ ਪ੍ਰਸਿੱਧ ਨਹੀਂ ਉਹ ਵੀ ਦੋ ਰੱਤੀ ਭਾਰਾ ਇਕ ਆਮ ਪੱਥਰ ਸੀ। ਪਰ ਜਦ ਸੁਲੇਮਾਨ ਨੇ ਇਸ ਦੀ ਮੋਹਰ ਬਣਾਈ ਤਾਂ ਸਾਰੀ ਧਰਤ ਇਸ ਦੇ ਪ੍ਰਭਾਵ ਹੇਠ ਆ ਗਿਆ।
ਉਸ ਦਾ ਇਹ ਹਾਲ ਕਲ ਦਿੰਦਾ ਹੈ ਤਾਂ ਇਹ ਤੇਰੇ ਜਹੇ ਮਾਮੂਲੀ ਤਿੱਤਰ ਦਾ ਕੀ ਹਾਲ ਕਰ ਸਕਦਾ ਹੈ।ਆਪਣੇ ਦਿਲ ਨੂੰ ਮਾਮੂਲੀ ਜਵਾਹਰਾਤਾਂ ਦੇ ਮੋਹ ਤੋਂ ਸੱਚੇ ਰਤਨ ਦੀ ਸਦਾ ਸੰਗਤ ਵਿੱਚ ਰਹਿ ਖੋਜ ਕਰ ਕਿਸੇ ਚੰਗੇ ਜੌਹਰੀ ਸੰਤ ਹੀ ਕਰ ਸਕਦੇ ਹਨ।

## ਚੁੱਪ ਦੀ ਆਹਟ

ਵਰਲਡ ਪੰਜਾਬੀ ਟਾਈਮਜ਼
ਪਰਸ਼ੋਤਮ ਸਿੰਘ

ਮੈਨੂੰ ਲੱਗਦਾ ਏ ਹੁਣ ਤੂੰ ਚੁੱਪ ਰਹਿਣਾ ਸਿੱਖ ਲਿਆ ਏ
ਬਿਨਾਂ ਬੋਲੇ ਵੀ ਬਹੁਤ ਕੁੱਝ ਕਹਿਣਾ ਸਿੱਖ ਲਿਆ ਏ

ਹੁਣ ਤੂੰ ਕੋਈ ਹੱਕ ਵੀ ਜਤਾਉਂਦਾ ਹੀ ਨਹੀਂ
ਕਿਉਂ ਕਿਸੇ ਦਾ ਸਾਥ ਤੈਨੂੰ ਭਾਉਂਦਾ ਹੀ ਨਹੀਂ
ਅੱਖਾਂ ਬੰਦ ਕਰਕੇ ਤੀਰ ਨਿਸ਼ਾਨੇ ਲਾਉਣਾ ਮਿੱਥ ਲਿਆ ਏ
ਮੈਨੂੰ ਲੱਗਦਾ ਏ ਹੁਣ ਤੂੰ ਚੁੱਪ ਰਹਿਣਾ ਸਿੱਖ ਲਿਆ ਏ

ਚੇਹਰੇ ਤੇ ਉਦਾਸੀ ਹੁਣ ਤੇਰੇ ਚੇਹਰੇ ਤੇ ਨਜ਼ਰ ਨਹੀਂ ਆਉਂਦੀ
ਨਾਰਾਜ਼ਗੀ ਦੀ ਪੀੜਾ ਕਿਉਂ ਰੱਤੀ ਭਰ ਵੀ ਨਹੀਂ ਸਤਾਉਂਦੀ
ਦੁੱਖਾਂ ਨੂੰ ਸੱਪਾਂ ਨੂੰ ਕੀਲ ਕੇ ਖੁਸ਼ੀ ਮਨਾਉਣ ਸਿੱਖ ਲਿਆ ਏ
ਮੈਨੂੰ ਲੱਗਦਾ ਏ ਹੁਣ ਤੂੰ ਚੁੱਪ ਰਹਿਣਾ ਸਿੱਖ ਲਿਆ ਏ

ਖਦਸ਼ਾ ਹੈ ਮੈਨੂੰ, ਟੁੱਟਿਆ ਨਹੀਂ ਤੂੰ, ਚਕਨਾਚੂਰ ਹੋਇਆ ਏ
ਕਰ ਕੇ ਮਾਫ਼ ਕਿਸੇ ਨੂੰ, ਤੈਨੂੰ ਰੱਬੀ ਸ਼ੈ ਦਾ ਸਰੂਰ ਹੋਇਆ ਏ
ਯਾਦਾਂ ਕੌੜੀਆਂ ਦਾ ਸਵਾਦ ,ਮਿੱਠੇ ਸ਼ਹਿਦ ਵਾਂਗੂੰ ਚੱਖ ਗਿਆ ਏ
ਮੈਨੂੰ ਲੱਗਦਾ ਏ ਹੁਣ ਤੂੰ ਚੁੱਪ ਰਹਿਣਾ ਸਿੱਖ ਲਿਆ ਏ

ਹੁਣ ਤੇਰੀ ਫ਼ਿਕਰ ਪਹਿਲਾਂ ਨਾਲੋਂ ਜ਼ਿਆਦਾ ਹੋਣ ਲੱਗ ਪਈ ਏ
ਬਾਹਰੋਂ ਜਾਪੇ ਠੰਡਾ ਪਾਣੀ, ਅੰਦਰ ਜਿਵੇਂ ਲੱਗੀ ਅੱਗ ਪਈ ਏ
ਚਲਾਕ ਦੁਨੀਆਂ ਤੋਂ ਕੱਢ ਕੇ ਹੁਣ ਤੈਨੂੰ ਦਿਲ ਵਿੱਚ ਰੱਖ ਲਿਆ ਏ
ਮੈਨੂੰ ਲੱਗਦਾ ਏ ਹੁਣ ਤੂੰ ਚੁੱਪ ਰਹਿਣਾ ਸਿੱਖ ਲਿਆ ਏ

ਚੱਲ ਹੁਣ ਬੰਦਾ ਬਣ ਜਾ, ਛੱਡ ਦੇ ਫ਼ਰਿਸ਼ਤਾ ਜੱਗ ਵਿੱਚ ਬਣਨਾ
ਸਹਿਆ ਨਹੀਂ ਜਾਂਦਾ ਸੱਜਣਾ,ਤੇਰਾ ਧੁੱਖਦੀ ਅੱਗ ਵਿੱਚ ਸੜਨਾ
ਇੱਕ ਨਾਂਹ ਦੇ ਬਦਲੇ, ਤੂੰ ਖ਼ੁਦ ਨੂੰ ਸਭ ਤੋਂ ਕਰ ਵੱਖ ਲਿਆ ਏ
ਮੈਨੂੰ ਲੱਗਦਾ ਏ ਹੁਣ ਤੂੰ ਚੁੱਪ ਰਹਿਣਾ ਸਿੱਖ ਲਿਆ ਏ

ਸਾਡੀ ਕਿਸੇ ਭੁੱਲ ਨੂੰ, ਭੁੱਲ ਕੇ ਦਿਲ ਤੇ ਲਾ ਗਿਆ ਏ
ਕਿਹੜਾ ਮਿਹਣਾ ਮਾਰਿਆ ਜੋ ਤੈਨੂੰ ਅੰਦਰੋਂ ਖ਼ਾ ਗਿਆ ਏ
ਤੇਰੇ ਤੋਂ ਵਾਰ ਦੇਈਏ ਦੁਨੀਆਂ ਜੋ ਤੂੰ ਸਹਿਣਾ ਸਿੱਖ ਲਿਆ ਏ
ਮੈਨੂੰ ਲੱਗਦਾ ਏ ਹੁਣ ਤੂੰ ਚੁੱਪ ਰਹਿਣਾ ਸਿੱਖ ਲਿਆ ਏ

## ‘ਲੰਡਨ’ ਵਿੱਚ ਰਿਲੀਜ਼ ਹੋਇਆ ਬੀਡੀਸੀ ਪੇਪਰ ਦੇ ਸੰਪਾਦਕ ਤੇ ਗੀਤਕਾਰ ਬਿੱਟੂ ਖੰਗੂੜਾ ਜੀ ਦਾ ਪਲੇਠਾ ਗੀਤ ‘ਲੰਡਨ ਦੀ ਜੁਗਨੀ’

ਵਰਲਡ ਪੰਜਾਬੀ ਟਾਈਮਜ਼
ਸ਼ਿਵਨਾਥ ਦਰਦੀ ਫ਼ਰੀਦਕੋਟ




ਪੰਜਾਬੀ ਸੰਗੀਤ ਜਗਤ ਵਿਚ ਬੀਡੀਸੀ ਪੰਜਾਬੀ ਦੇ ਸੰਪਾਦਕ ਤੇ ਗੀਤਕਾਰ ਬਿੱਟੂ ਖੰਗੂੜਾ ਜੀ ਨੇ ਹਾਲ ਹੀ ਵਿੱਚ ਆਪਣਾ ਪਲੇਠਾ ਗੀਤ ‘ਲੰਡਨ ਦੀ ਜੁਗਨੀ’ ਸਰੋਤਿਆ ਦੀ ਝੋਲੀ ਪਾਇਆ । ਜਿਸ ਨੂੰ ਇੱਕ ਸ਼ਾਨਦਾਰ ਸਮਾਰੋਹ ਵਿੱਚ ਲੋਕ ਅਰਪਣ ਕੀਤਾ ਗਿਆ। ਇਹ ਗੀਤ ਪ੍ਰਵਾਸੀਆਂ, ਖਾਸ ਕਰਕੇ ਵਿਦੇਸ਼ਾਂ ਵਿੱਚ ਪੜ੍ਹਨ ਵਾਲੀਆਂ ਪੰਜਾਬੀ ਕੁੜੀਆਂ ਦੇ ਦਰਦ ਅਤੇ ਸੰਘਰਸ਼ਾਂ ਦੀ ਭਾਵੁਕ ਪੇਸ਼ਕਾਰੀ ਨੂੰ ਬਿਆਨਦਾ ਹੈ ।
ਇਸ ਗੀਤ ਦੇ ਬਿੱਟੂ ਖੰਗੂੜਾ ਜੀ ਖੁਦ ਪ੍ਰੋਡਿਊਸਰ ਅਤੇ ਡਾਇਰੈਕਟਰ ਹਨ । ਇਸ ਦੇ ਸਿੱਧੇ-ਸਾਦੇ ਬੋਲ ਪੰਜਾਬੀ ਸੱਭਿਆਚਾਰ ਦੀ ਖੂਬਸੂਰਤੀ ਨੂੰ ਪੇਸ਼ ਕਰਦੇ ਹਨ। ‘ਲੰਡਨ ਦੀ ਜੁਗਨੀ’ ਇੱਕ ਅਜਿਹੀ ਪੰਜਾਬੀ ਕੁੜੀ ਦੀ ਕਹਾਣੀ ਹੈ ਜੋ ਸਟੂਡੈਂਟ ਵੀਜ਼ੇ ‘ਤੇ ਯੂਕੇ ਵਿੱਚ ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਆਉਂਦੀ ਹੈ। ਗੀਤ ਵਿੱਚ ਉਸਦੇ ਸੁਪਨਿਆਂ ਅਤੇ ਕਠੋਰ ਹਕੀਕਤ ਦੇ ਟਕਰਾਅ, ਰੋਜ਼ਾਨਾ ਦੀਆਂ ਮੁਸ਼ਕਲਾਂ, ਘਰ ਤੋਂ ਦੂਰ ਰਹਿਣ ਦਾ ਦਰਦ, ਮਾਨਸਿਕ ਤਣਾਅ ਅਤੇ ਭਾਵੁਕ ਹੇਰਵੇ ਨੂੰ ਬਹੁਤ ਹੀ ਖੂਬਸੂਰਤੀ ਨਾਲ ਪੇਸ਼ ਕੀਤਾ ਗਿਆ ਹੈ।
ਦਿਲ ਨੂੰ ਛੂਹ ਲੈਣ ਵਾਲੇ ਗੀਤ ਨੂੰ ਚਰਚਿਤ ਲੋਕ ਗਾਇਕਾ ਸੂਫੀ ਹੁਸੈਨ ਸਿਸਟਰਜ਼ ਨੇ ਆਪਣੀ ਮਨਮੋਹਕ ਅਤੇ ਸੁਰੀਲੀ ਆਵਾਜ਼ ਦੇ ਚਾਰ ਚੰਨ ਲਾਏ ਹਨ । ‘ਬਾਬਾ ਸਾਈਟਰਸ’ ਮਿਊਜ਼ਿਕ ਕੰਪਨੀ ਦੁਆਰਾ ਤਿਆਰ ਕੀਤਾ ਗਿਆ ਸੰਗੀਤ ਗੀਤ ਦੇ ਭਾਵਾਂ ਨੂੰ ਹੋਰ ਵੀ ਡੂੰਘਾਈ ਦਿੰਦਾ ਹੈ। ਇਸ ਗੀਤ ਦੇ ਫਿਲਮਾਂਕਣ ਵਿੱਚ ਮਾਣਮੱਤੀ ਅਦਾਕਾਰਾ ਜੋਤੀ ਸ਼ਰਮਾ ਨੇ ਮੁੱਖ ਭੂਮਿਕਾ ਨਿਭਾ ਕੇ ਕਿਰਦਾਰ ਨਾਲ ਪੂਰਾ ਪੂਰਾ ਇਨਸਾਫ ਕੀਤਾ ਹੈ। ਗੀਤ ਦੇ ਡੀ.ਓ.ਪੀ. ‘ਜੇ ਪਾਲ’ ਹਨ ਅਤੇ ਮੇਕਅਪ ‘ਰੂਪੀ’ ਨੇ ਕੀਤਾ ਹੈ।
ਇਸ ਗੀਤ ਦੀ ਘੁੰਡ ਚੁਕਾਈ ਦੇ ਸਮਾਗਮ ਦੇ ਮੁੱਖ ਮਹਿਮਾਨ ਵਜੋ ਈਲਿੰਗ ਦੀ ਡਿਪਟੀ ਮੇਅਰ, ਕੌਂਸਲਰ ਫਦੂਮਾ ਮੁਹੰਮਦ ਨੇ ਨਿਭਾਈ। ਇਹ ਗੀਤ ਵਿਦੇਸ਼ਾਂ ਵਿੱਚ ਰਹਿਣ ਵਾਲੀਆਂ ਉਨ੍ਹਾਂ ਸਾਰੀਆਂ ਪੰਜਾਬਣ ਮੁਟਿਆਰਾਂ ਦੀਆਂ ਭਾਵਨਾਵਾਂ ਨਾਲ ਜੁੜੇਗਾ, ਜੋ ਆਪਣੇ ਘਰਾਂ ਨੂੰ ਛੱਡ ਕੇ ਵਿਦਿਆਰਥੀ ਵੀਜ਼ੇ ‘ਤੇ ਆਈਆਂ ਹਨ। ਇਹ ਗੀਤ ਨਾ ਸਿਰਫ਼ ਉਨ੍ਹਾਂ ਦੇ ਦਿਲ ਦੀ ਗੱਲ ਕਹੇਗਾ, ਬਲਕਿ ਇਹ ਉਨ੍ਹਾਂ ਦੇ ਸੰਘਰਸ਼ਾਂ ਅਤੇ ਜਜ਼ਬਾਤਾਂ ਨੂੰ ਵੀ ਦਰਸਾਏਗਾ। ਇਹ ਬੀਡੀਸੀ ਪੰਜਾਬੀ ਵੱਲੋਂ ਪੰਜਾਬੀ ਸੰਗੀਤ ਜਗਤ ਨੂੰ ਇੱਕ ਬਹੁਤ ਹੀ ਅਰਥਪੂਰਨ ਅਤੇ ਮਹੱਤਵਪੂਰਨ ਤੋਹਫ਼ਾ ਹੈ।

## ਹੜ੍ਹ




ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ

ਰਾਤੀਂ ਕਰੀਬ ਢਾਈ-ਤਿੰਨ ਵਜੇ ਕਾਲੋਨੀ ਦੇ ਗੁਰਦੁਆਰੇ ਤੋਂ ਹੜ੍ਹ ਆਉਣ ਦੀ ਸੂਚਨਾ ਦਿੱਤੀ ਗਈ। ਅਚਾਨਕ ਇਹ ਸੁਣ ਕੇ ਮੇਰੇ ਬਜ਼ੁਰਗ ਮਾਤਾ-ਪਿਤਾ ਘਬਰਾ ਗਏ ਤੇ ਉਨ੍ਹਾਂ ਨੇ ਮੈਨੂੰ ਵੀ ਸੁਚੇਤ ਹੋਣ ਲਈ ਪ੍ਰੇਰਿਆ। ਮਾਤਾ-ਪਿਤਾ ਨੂੰ ਮੈਂ ਇਹ ਕਹਿ ਕੇ ਤਸੱਲੀ ਦੇਣ ਦੀ ਕੋਸ਼ਿਸ਼ ਕੀਤੀ, “ਮੈਂ ਸਮਾਨ ਸੰਭਾਲ਼ਦਾ ਹਾਂ, ਤੁਸੀਂ ਗੁਆਂਢੀਆਂ ਦੇ ਚੁਬਾਰੇ ਤੇ ਚਲੇ ਜਾਓ।”

ਮਾਪਿਆਂ ਦੇ ਜਾਣ ਪਿੱਛੋਂ ਮੈਂ ਇਹ ਸੋਚ ਕੇ ਘਰ ਹੀ ਰਿਹਾ ਕਿ ਪਾਣੀ ਹੀ ਹੈ, ਆ ਕੇ ਚਲਾ ਜਾਵੇਗਾ, ਨਾਲੇ ਕਿੰਨਾ ਕੁ ਪਾਣੀ ਆਵੇਗਾ! ਪਾਣੀ ਹੌਲੀ-ਹੌਲੀ ਘਰ ਵਿਚ ਦਾਖਲ ਹੋਣਾ ਸ਼ੁਰੂ ਹੋਇਆ। ਮੇਰੇ ਵਿੰਹਦੇ-ਵਿੰਹਦੇ ਪਾਣੀ ਨੇ ਬੈੱਡ, ਸੋਫਾ, ਟੀਵੀ, ਮੇਜ਼, ਫਰਿੱਜ ਆਦਿ ਵੱਡੀਆਂ ਤੇ ਭਾਰੀ ਚੀਜ਼ਾਂ ਨੂੰ ਮੂਧੇ ਮੂੰਹ ਉਲਟਾ ਦਿੱਤਾ। ਮੈਂ ਉਨ੍ਹਾਂ ਚੀਜ਼ਾਂ ਨੂੰ ਵਾਰ-ਵਾਰ ਸੰਭਾਲਦਾ, ਸੈੱਟ ਕਰਦਾ, ਪਰ ਪਾਣੀ ਸਾਹਮਣੇ ਮੇਰੀ ਕੋਈ ਪੇਸ਼ ਨਹੀਂ ਸੀ ਜਾ ਰਹੀ।

ਹਾਰ ਕੇ ਮੈਂ ਚੀਜ਼ਾਂ ਨੂੰ ਸੰਭਾਲਣਾ ਛੱਡ ਕੇ ਆਪਣੇ-ਆਪ ਨੂੰ ਬਚਾਉਣ ਦਾ ਆਹਰ ਕਰਨ ਲੱਗਾ। ਮੈਂ ਇਕ ਮੇਜ਼ ‘ਤੇ ਸਟੂਲ ਰੱਖਿਆ ਅਤੇ ਉਹਦੇ ‘ਤੇ ਖੜੋ ਕੇ ਛੱਤ ਵਾਲੇ ਪੱਖੇ ਨੂੰ ਹੱਥ ਪਾ ਲਿਆ ਕਿ ਪਾਣੀ ਇਥੋਂ ਤੱਕ ਤਾਂ ਪਹੁੰਚ ਨਹੀਂ ਸਕੇਗਾ। ਮੈਂ ਅਜੇ ਪੂਰੀ ਤਰ੍ਹਾਂ ਪੱਖੇ ਨੂੰ ਹੱਥ ਪਾ ਕੇ ਸੰਭਲਿਆ ਵੀ ਨਹੀਂ ਸਾਂ ਕਿ ਪਾਣੀ ਨੇ ਜ਼ੋਰ ਵਿਖਾਇਆ। ਮੇਰੇ ਹੇਠੋਂ ਸਟੂਲ ਅਤੇ ਮੇਜ਼ ਨਿਕਲ ਕੇ ਪਾਣੀ ਵਿਚ ਜਾ ਡਿੱਗੇ ਅਤੇ ਮੈਂ ਪੱਖੇ ਨਾਲ ਲਟਕ ਗਿਆ। ਮੇਰਾ ਕਮਰ ਤੋਂ ਹੇਠਲਾ ਸਰੀਰ ਪਾਣੀ ਵਿਚ ਸੀ ਅਤੇ ਜੁਲਾਈ ਦੇ ਗਰਮ ਮਹੀਨੇ ਵਿਚ ਪਾਣੀ ਇੰਨਾ ਠੰਡਾ ਸੀ ਕਿ ਬੰਦਾ ਯਖ਼ ਹੋ ਜਾਏ। ਇੰਨਾ ਸ਼ੁਕਰ ਸੀ ਕਿ ਬਿਜਲੀ ਵਿਭਾਗ ਵਲੋਂ ਬਿਜਲੀ ਬੰਦ ਕਰ ਦਿੱਤੀ ਗਈ ਸੀ, ਨਹੀਂ ਤਾਂ ਕੰਧਾਂ ਵਿਚ ਕਰੰਟ ਆਉਣ ਦਾ ਪੂਰਾ ਖਤਰਾ ਸੀ।

ਮੇਰੇ ਬਜ਼ੁਰਗ ਮਾਪਿਆਂ ਨੂੰ ਮੇਰੇ ਅਜੇ ਤੱਕ ਬਾਹਰ ਨਾ ਆਉਣ ਦੀ ਚਿੰਤਾ ਸੀ। ਉਨ੍ਹਾਂ ਨੇ ਦੋ ਤੈਰਨ ਵਾਲੇ ਮੁੰਡਿਆਂ ਨੂੰ ਆਪਣੀ ਚਿੰਤਾ ਦੱਸੀ, ਜਿਸ ਕਰਕੇ ਦੋਵੇਂ ਮੁੰਡੇ ਨਾਲ ਨਾਲ ਜੁੜੇ ਘਰਾਂ ਦੀਆਂ ਛੱਤਾਂ ਰਾਹੀਂ ਸਾਡੇ ਘਰ ਦੀ ਛੱਤ ਤੋਂ ਹੀ ਮੈਨੂੰ ਆਵਾਜ਼ਾਂ ਮਾਰਨ ਲੱਗੇ। ਮੈਂ ਉਨ੍ਹਾਂ ਨੂੰ ਅੰਦਰੋਂ ਹੀ ਉਚੀ ਆਵਾਜ਼ ਵਿਚ ਕਹਿ ਕੇ ਸੁਣਾਇਆ ਕਿ ਮੈਂ ਤਾਂ ਪੱਖੇ ਨੂੰ ਫੜੀ ਲਟਕ ਰਿਹਾ ਹਾਂ। ਉਨ੍ਹਾਂ ਨੇ ਬਾਹਰੋਂ ਹੀ ਕਿਹਾ, “ਹੇਠਾਂ ਪਾਣੀ ਵਿਚ ਛਾਲ ਮਾਰ ਕੇ ਬਾਹਰ ਵਿਹੜੇ ਵਿਚ ਆ ਜਾਓ, ਏਥੋਂ ਅਸੀਂ ਤੁਹਾਨੂੰ ਕੋਠੇ ‘ਤੇ ਲੈ ਜਾਵਾਂਗੇ।” ਪਰ ਮੈਂ ਅਜਿਹਾ ਕਰਨ ਤੋਂ ਅਸਮਰੱਥਤਾ ਪ੍ਰਗਟ ਕੀਤੀ, ਕਿਉਂਕਿ ਮੈਨੂੰ ਡਰ ਸੀ ਕਿ ਪਾਣੀ ਵਿੱਚ ਛਾਲ ਮਾਰ ਕੇ ਤਾਂ ਮੈਂ ਡੁੱਬ ਹੀ ਜਾਵਾਂਗਾ।

ਖ਼ੈਰ, ਉਨ੍ਹਾਂ ਨੇ ਜਿਵੇਂ-ਕਿਵੇਂ ਕੋਠੇ ਤੋਂ ਹੀ ਹੇਠਾਂ ਪਾਣੀ ਵਿੱਚ

ਛਾਲਾਂ ਮਾਰੀਆਂ ਤੇ ਤੈਰਦੇ ਹੋਏ ਉਸ ਕਮਰੇ ਵਿਚ ਆ ਗਏ, ਜਿਥੇ ਮੈਂ ਲਟਕਿਆ ਹੋਇਆ ਸਾਂ। ਉਨ੍ਹਾਂ ਨੇ ਮੈਨੂੰ ਹੱਥ ਛੱਡਣ ਲਈ ਕਿਹਾ ਤਾਂ ਮੈਂ ਡਰਦੇ-ਡਰਦੇ ਪੱਖੇ ਨਾਲੋਂ ਹੱਥ ਛੱਡ ਦਿੱਤੇ ਤੇ ਉਨ੍ਹਾਂ ਨੇ ਮੈਨੂੰ ਹੇਠਾਂ ਡਿੱਗਣ ਤੋਂ ਪਹਿਲਾਂ ਹੀ ਬੋਚ ਲਿਆ। ਉਨ੍ਹਾਂ ਮੁੰਡਿਆਂ ਦੀ ਮਦਦ ਨਾਲ ਮੈਂ ਵੀ ਕੋਠੇ ‘ਤੇ ਚੜ੍ਹ ਗਿਆ ਅਤੇ ਮੌਤ ਤੋਂ ਮੁਕਤੀ ਪ੍ਰਾਪਤ ਕੀਤੀ। ਅਗਲੇ ਤਿੰਨ ਦਿਨਾਂ ਤੱਕ ਹੜ੍ਹ ਦਾ ਪਾਣੀ ਕਾਲੋਨੀ ਦੇ ਘਰਾਂ ਵਿਚ ਉਵੇਂ ਹੀ ਘਰ ਬਣਾਈ ਬੈਠਾ ਰਿਹਾ।

ਹੜ੍ਹ ਦਾ ਪਾਣੀ ਕੁਝ ਘਟਣ ਪਿਛੋਂ ਆਸਪਾਸ ਦੇ ਪਿੰਡਾਂ ਤੋਂ ਲੋਕੀਂ ਭੋਜਨ, ਦੁੱਧ ਤੇ ਖਾਣ-ਪੀਣ ਦੀਆਂ ਹੋਰ ਚੀਜ਼ਾਂ ਰੇੜ੍ਹਿਆਂ ਤੇ ਲੈ ਕੇ ਆਉਂਦੇ ਰਹੇ ਤੇ ਉਪਰ ਬੈਠੇ ਬੇਸਹਾਰਾ ਲੋਕਾਂ ਨੂੰ ਦਿੰਦੇ ਰਹੇ। ਫਿਰ ਇਕ ਦਿਨ ਸਰਕਾਰੀ ਹੈਲੀਕਾਪਟਰ ਵੀ ਆਇਆ। ਜਿਸ ਵੱਲੋਂ ਬਹੁਤ ਸਾਰੇ ਖਾਣੇ ਦੇ ਪੈਕੇਟ ਤੇ ਦਵਾਈਆਂ ਹੇਠਾਂ ਸੁੱਟੀਆਂ ਗਈਆਂ। ਵਧੇਰੇ ਚੀਜ਼ਾਂ ਤਾਂ ਪਾਣੀ ਵਿਚ ਹੀ ਡਿੱਗ ਗਈਆਂ, ਕੁਝ ਕੁ ਹੀ ਹੜ੍ਹ-ਪੀੜਤ ਲੋਕਾਂ ਦੇ ਹੱਥ ਲੱਗੀਆਂ। ਹੈਲੀਕਾਪਟਰ ਦਾ ਹੋਰ ਨੁਕਸਾਨ ਇਹ ਹੋਇਆ ਕਿ ਇਸਦੇ ਤੇਜ਼ ਚੱਲਣ ਵਾਲੇ ਖੰਭਾਂ ਨਾਲ ਬਹੁਤ ਸਾਰੀਆਂ ਸੁੱਕੀਆਂ ਹੋਈਆਂ ਚੀਜ਼ਾਂ, ਜਿਨ੍ਹਾਂ ਵਿਚ ਰਜ਼ਾਈਆਂ ਵਗੈਰਾ ਵੀ ਸਨ, ਫਿਰ ਤੋਂ ਹੇਠਾਂ ਪਾਣੀ ਵਿਚ ਡਿੱਗ ਪਈਆਂ।

ਇਸ ਘਟਨਾ ਤੋਂ ਕਰੀਬ ਛੇ ਸਾਲ ਬਾਅਦ ਮੈਂ ਗ੍ਰਹਿਸਥੀ ਧਾਰਨ ਕੀਤੀ ਅਤੇ ਆਪਣੀ ਸੁਪਤਨੀ ਨੂੰ ਹੜ੍ਹਾਂ ਦੀ ਇਹ ਦੁਖਦਾਈ ਹੱਡਬੀਤੀ ਸੁਣਾਈ ਤਾਂ ਪਤਨੀ ਨੇ ਹੱਥ ਜੋੜ ਕੇ ਪਰਮਾਤਮਾ ਦਾ ਸ਼ੁਕਰ ਕਰਦਿਆਂ ਕਿਹਾ “ਤੁਸੀਂ ਜੁ ਮੇਰੇ ਲੜ ਲਗਣਾ ਸੀ, ਇਸੇ ਲਈ ‘ਉਸਨੇ’ ਤੁਹਾਨੂੰ ਬਚਾ ਲਿਆ।”

## ਪੰਥ ਦੇ ਦਰਦੀ

ਵਰਲਡ ਪੰਜਾਬੀ ਟਾਈਮਜ਼
ਹਰਪ੍ਰੀਤ ਪੱਤੋ

ਪਿਆ ਭਚੋਲ ਪੰਥ ਦੇ ਦਰਦੀਆਂ ਦਾ,
ਪਤਾ ਲੱਗੇ ਨਾ ਕੌਣ ਵਫ਼ਾਦਾਰ ਮੀਆਂ।

ਇੱਕ ਦੂਜੇ ਤੇ ਚਿੱਕੜ ਸੁੱਟੀ ਜਾਂਦੇ,
ਪਹਿਲਾਂ ਹੁੰਦੇ ਸੀ ਜਿਹੜੇ ਯਾਰ ਮੀਆਂ।

ਇੱਕ ਚਿੰਬੜੇ ਨਾਲ ਕੁਰਸੀਆਂ ਦੇ,
ਗ੍ਰੰਥ, ਪੰਥ ਦਿੱਤਾ ਦਿਲੋਂ ਵਿਸਾਰ ਮੀਆਂ।

ਸੱਖਣੇ ਗਿਆਨ ਤੋਂ, ਮੂੰਹੋਂ ਬੋਲਦੇ ਨੇ,
ਲੜਨ ਮਰਨ ਨੂੰ ਹਨ ਤਿਆਰ ਮੀਆਂ।

ਪਤਾ ਲੱਗਿਆ ਪੰਥ ਨੂੰ ਕਹਿਣ ਕੁਰਸੀ,
ਗੱਲ ਹੋ ਗਈ ਜੱਗ ਜ਼ਾਹਰ ਮੀਆਂ।

ਸਿੰਘ ਰਹਿੰਦੇ ਸੀ ਜਦ ਵਿੱਚ ਜੰਗਲਾਂ ਦੇ,
ਹੋਇਆ ਖ਼ਤਰਾ ਨਾ ਇੱਕ ਵਾਰ ਮੀਆਂ।

ਅੱਜ ਕੋਨੇ ਕੋਨੇ ਵਿੱਚ ਗੁਰੂ ਦੇ ਸਿੰਘ ਬੈਠੇ,
ਕਿਵੇਂ ਖ਼ਤਰਾ ਦੱਸੋ ਵਿਚਾਰ ਮੀਆਂ?।

ਲੋਕ ਦੁਬਿਧਾ ਦੇ ਵਿੱਚ ਪਏ ਫਿਰਦੇ,
ਪੰਥ ਇੱਕ ਤੇ ਧੜੇ ਹਜ਼ਾਰ ਮੀਆਂ।

ਚੜ੍ਹਦੀ ਕਲਾ ਵਿੱਚ ‘ਪੱਤੋ’ ਪੰਥ ਰਹਿਣਾ,
ਫਿਰ ਖੱਟਣਾ ਕਿਓਂ ਤ੍ਰਿਸਕਾਰ ਮੀਆਂ।

‘ਹਰਪ੍ਰੀਤ’ ਸਭ ਨੂੰ ਰੱਬ ਸੁਮੱਤ ਬਖ਼ਸ਼ੇ,
ਕੱਠੇ ਹੋਣ ਸੱਜਣ ਦਰਬਾਰ ਮੀਆਂ।